ਸ਼ਹਿਨਸ਼ਾਹ-ਏ-ਤਰੰਨੁਮ ਦਾ ਵੱਕਾਰੀ ਇਜ਼ਾਜ਼ ਹਾਸਲ ਕਰਨ ਵਾਲੇ ਮੁਹੰਮਦ ਰਫ਼ੀ ਭਾਰਤੀ ਸਿਨਮਾ ਦੇ ਅਜਿਹੇ ਫ਼ਨਕਾਰ ਸਨ, ਜਿਨ੍ਹਾਂ ਨੇ ਆਪਣੇ ਜ਼ਮਾਨੇ ਦੇ ਮਸ਼ਹੂਰ ਅਦਾਕਾਰਾਂ ਨੂੰ ਆਪਣੀ ਆਵਾਜ਼ ਦਾ ਹੁਸਨ ਬਖ਼ਸ਼ਿਆ ਉਨ੍ਹਾਂ ਦੀ ਆਵਾਜ਼ 'ਚ ਅਜਿਹੀ ਖਿੱਚ ਸੀ ਜੋ ਹਰ ਤਰ੍ਹਾਂ ਦੇ ਗੀਤ ਨੂੰ ਆਪਣੇ 'ਚ ਜਜ਼ਬ ਕਰ ਲੈਂਦੀ ਸੀ ਰਫ਼ੀ ਸ਼ਬਦ ਅਰਬੀ ਭਾਸ਼ਾ ਦੇ ਸ਼ਬਦ 'ਰਾਫ਼ਾ' ਤੋਂ ਬਣਿਆ ਹੈ ਜਿਸਦਾ ਸ਼ਬਦੀ ਅਰਥ ਹੈ 'ਖ਼ੁਦਾ' ਰਫ਼ੀ ਨੇ ਭਾਰਤੀ ਸੰਗੀਤ ਜਗਤ ਵਿਚ ਆਪਣਾ ਨਾਂ ਅਮਰ ਕਰਕੇ, ਆਪਣੇ ਨਾਂ ਦੇ ਅਰਥਾਂ ਨੂੰ ਸਾਕਾਰ ਕੀਤਾ ਹੈ

ਮੁਹੰਮਦ ਰਫ਼ੀ ਦੀ ਪੈਦਾਇਸ਼ ਅੰਮ੍ਰਿਤਸਰ ਦੇ ਪਿੰਡ ਕੋਟਲਾ ਸੁਲਤਾਨ ਸਿੰਘ ਵਿਚ 24 ਦਸੰਬਰ, 1924 ਨੂੰ ਵਾਲਿਦ ਹਾਜ਼ੀ ਅਲੀ ਮੁਹੰਮਦ ਦੇ ਘਰ ਹੋਈ ਸੱਤ ਭੈਣ-ਭਰਾਵਾਂ ਦੇ ਲਾਡਲੇ ਮੁਹੰਮਦ ਰਫ਼ੀ ਹਾਲੇ ਚਾਰ-ਪੰਜ ਵਰ੍ਹਿਆਂ ਦੇ ਸਨ ਜਦੋਂ ਇਨ੍ਹਾਂ ਦਾ ਪਰਿਵਾਰ ਅੰਮ੍ਰਿਤਸਰ ਤੋਂ ਲਾਹੌਰ ਆਣ ਵੱਸਿਆ ਹੋਸ਼ ਸੰਭਾਲਦਿਆਂ ਹੀ ਰਫ਼ੀ ਸਾਹਿਬ ਆਪਣੇ ਵੱਡੇ ਭਰਾ ਮੁਹੰਮਦ ਹਮੀਦ ਦੀ ਨਾਈ ਦੀ ਦੁਕਾਨ 'ਤੇ ਵਕਤ ਗੁਜ਼ਾਰਨ ਲੱਗੇ 7 ਵਰ੍ਹਿਆਂ ਦੀ ਨਿਆਣੀ ਉਮਰੇ ਉਹ ਆਪਣੇ ਭਰਾ ਦੀ ਦੁਕਾਨ ਕੋਲੋਂ ਲੰਘਦੇ ਇਕ ਸੂਫ਼ੀ ਫ਼ਕੀਰ ਦਾ ਪਿੱਛਾ ਕਰਦੇ ਸਨ ਜੋ ਉੱਧਰੋਂ ਇਕ ਤਾਰਾ ਵਜਾਉਂਦਾ ਤੇ ਗਾਉਂਦਾ ਲੰਘਦਾ ਸੀ ਉਸ ਦੀ ਆਵਾਜ਼ ਰਫ਼ੀ ਨੂੰ ਬੇਹੱਦ ਪਸੰਦ ਆਈ ਅਤੇ ਉਹ ਉਸਦੀ ਨਕਲ ਕਰਨ ਲੱਗੇ ਉਨ੍ਹਾਂ ਦੀ ਨਕਲ ਕਰਨ 'ਚ ਮੁਹਾਰਤ ਵੇਖਦਿਆਂ ਲੋਕਾਂ ਨੂੰ ਵੀ ਉਨ੍ਹਾਂ ਦੀ ਆਵਾਜ਼ ਬੇਹੱਦ ਪਸੰਦ ਆਉਣ ਲੱਗੀ ਵੱਡੇ ਭਾਈ ਮੁਹੰਮਦ ਹਮੀਦ ਨੇ ਇਨ੍ਹਾਂ ਦੀ ਸੰਗੀਤ ਪ੍ਰਤੀ ਉਲਫ਼ਤ ਨੂੰ ਵੇਖਿਆ ਤੇ ਉਸਤਾਦ ਅਬਦੁੱਲ ਵਹੀਦ ਖ਼ਾਨ ਕੋਲ ਮੌਸੀਕੀ ਦੀ ਤਾਲੀਮ ਲੈਣ ਨੂੰ ਕਿਹਾ ਫਿਰ ਉਨ੍ਹਾਂ ਨੇ ਉਸਤਾਦ ਬੜੇ ਗ਼ੁਲਾਮ ਅਲੀ ਖ਼ਾਨ, ਉਸਤਾਦ ਅਬਦੁਲ ਵਹੀਦ ਖ਼ਾਨ, ਪੰਡਿਤ ਜੀਵਨ ਲਾਲ ਮੱਟੂ ਅਤੇ ਫ਼ਿਰੋਜ਼ ਨਿਜ਼ਾਮੀ ਵਰਗੇ ਸ਼ਾਸਤਰੀ ਸੰਗੀਤ ਮਾਹਿਰਾਂ ਤੋਂ ਸੰਗੀਤਕ ਫ਼ਨ ਦਾ ਫ਼ੈਜ਼ ਹਾਸਲ ਕੀਤਾ

ਪਿੱਠਵਰਤੀ ਗਾਇਕ ਵਜੋਂ ਮੁਹੰਮਦ ਰਫ਼ੀ ਦੀ ਪਹਿਲੀ ਪੰਜਾਬੀ ਫ਼ਿਲਮ ਜ਼ਮਾਨ ਪ੍ਰੋਡਕਸ਼ਨ, ਲਾਹੌਰ ਦੀ 'ਗੁਲ ਬਲੋਚ' (1945) ਸੀ ਇਸ ਫ਼ਿਲਮ ਵਿਚ ਉਸਨੇ ਤਿੰਨ ਦੋਗਾਣੇ ਗਾਏ ਪਹਿਲਾ ਮੌਸੀਕਾਰ ਸ਼ਿਆਮ ਸੁੰਦਰ ਦੇ ਸੰਗੀਤ ਵਿਚ ਜ਼ੀਨਤ ਬੇਗ਼ਮ ਨਾਲ 'ਪਰਦੇਸੀ ਨਾਲ ਨਾ ਲਾਈਏ ਯਾਰੀ', ਦੂਜਾ ਪੰਡਤ ਅਮਰਨਾਥ ਦੀ ਮੌਸੀਕੀ 'ਚ 'ਸੁਣ ਨਿੱਕੀ ਜਈ ਗੱਲ ਚੰਨੀਏ' (ਨਾਲ ਜ਼ੀਨਤ ਬੇਗ਼ਮ, ਮਜਨੂੰ) ਅਤੇ ਤੀਜਾ ਗੀਤ ਮਾਸਟਰ ਲੱਛੀ ਰਾਮ ਦੀ ਸੰਗੀਤ-ਨਿਰਦੇਸ਼ਨਾ ਹੇਠ ਮੁਨੱਵਰ ਸੁਲਤਾਨਾ ਨਾਲ 'ਆ ਚੰਨ ਵੇ ਲੱਗੀਆਂ ਤੋੜ ਚੜ੍ਹਾਈਏ ਆ ਚੰਨੀਏ ਪੀਂਘ ਖ਼ੁਸ਼ੀ ਦੀ ਪਾਈਏ' ਸਨ ਇਨ੍ਹਾਂ ਗੀਤਾਂ ਨੇ ਹੱਦ ਦਰਜਾ ਮਕਬੂਲੀਅਤ ਹਾਸਲ ਕੀਤੀ, ਜਿਸਦੀ ਖ਼ੁਸ਼ੀ ਵਜੋਂ ਫ਼ਿਲਮਸਾਜ਼ ਮੀਆਂ ਮੁਸ਼ਤਾਕ ਨੇ ਮੁਹੰਮਦ ਰਫ਼ੀ ਨੂੰ 25 ਰੁਪਏ ਦਾ ਇਨਾਮ ਦਿੱਤਾ 23 ਅਗਸਤ 1946 ਨੂੰ ਕਰਾਊਨ ਟਾਕੀਜ਼, ਲਾਹੌਰ ਵਿਖੇ ਨੁਮਾਇਸ਼ ਹੋਈ ਇਸ ਫ਼ਿਲਮ ਦੇ ਰਿਕਾਰਡ ਜਾਰੀ ਨਹੀਂ ਹੋਏ

ਮੁਹੰਮਦ ਰਫ਼ੀ ਦੀ ਗਾਇਕ ਵਜੋਂ ਪਹਿਲੀ ਹਿੰਦੀ ਫ਼ਿਲਮ ਕਾਰਦਾਰ ਪ੍ਰੋਡਕਸ਼ਨਜ਼, ਬੰਬਈ ਦੀ 'ਪਹਿਲੇ ਆਪ' ਉਰਫ਼ 'ਪ੍ਰੈਸਟੀਜ਼' (1944) ਸੀ ਨੌਸ਼ਾਦ ਅਲੀ ਦੀ ਸੰਗੀਤ-ਨਿਰਦੇਸ਼ਿਤ ਇਸ ਫ਼ਿਲਮ ਵਿਚ ਉਸਨੇ ਸ਼ਾਮ ਕੁਮਾਰ ਨਾਲ 2 ਗੀਤ ਗਾਏ 'ਏਕ ਬਾਰ ਉਨਹੇ ਮਿਲਾ ਦੇ' ਤੇ 'ਤੂੰ ਦਿੱਲੀ ਮੈਂ ਆਗਰੇ ਮੇਰੇ ਦਿਲ ਸੇ ਨਿਕਲੇ ਹਾਏ' ਰਮਣੀਕ ਪ੍ਰੋਡਕਸ਼ਨਜ਼, ਬੰਬਈ ਦੀ ਕੇ. ਅਮਰਨਾਥ ਨਿਰਦੇਸ਼ਿਤ ਫ਼ਿਲਮ 'ਵਿਲੇਜ਼ ਗਰਲ' ਉਰਫ਼ 'ਗਾਓਂ ਕੀ ਗੋਰੀ' (1945) ਉਸਦੀ ਦੂਜੀ ਹਿੰਦੀ ਫ਼ਿਲਮ ਸੀ ਫ਼ਿਲਮ 'ਚ ਮੌਸੀਕਾਰ ਸ਼ਿਆਮ ਸੁੰਦਰ ਦੀ ਮੁਰੱਤਿਬ ਮੌਸੀਕੀ ਵਿਚ ਵਲੀ ਸਾਹਿਬ ਦੇ ਲਿਖੇ 2 ਗੀਤ ਮੁਹੰਮਦ ਰਫ਼ੀ ਨੇ ਜੀ. ਐਮ. ਦੁਰਾਨੀ ਨਾਲ ਮਿਲ ਕੇ ਗਾਏ ਇਸੇ ਸਾਲ ਹੀ ਨੁਮਾਇਸ਼ ਹੋਈ ਹਿੰਦ ਪਿਕਚਰਜ਼, ਬੰਬਈ ਦੀ ਨਈਅਰ ਅਤੇ ਨਜ਼ੀਰ ਨਿਰਦੇਸ਼ਿਤ ਫ਼ਿਲਮ 'ਲੈਲਾ ਮਜਨੂੰ' (1945) 'ਚ ਉਸਨੇ 2 ਗੀਤ ਗਾਉਣ ਦੇ ਨਾਲ-ਨਾਲ ਅਦਾਕਾਰੀ ਵੀ ਕੀਤੀ ਈਸਟਰਨ ਪਿਕਚਰਜ਼, ਬੰਬਈ ਦੀ ਸਈਅਦ ਸ਼ੌਕਤ ਹੁਸੈਨ ਰਿਜ਼ਵੀ ਨਿਰਦੇਸ਼ਿਤ ਫ਼ਿਲਮ 'ਜ਼ੀਨਤ' (1945) 'ਚ ਅਦਾਕਾਰਾ ਨੂਰਜਹਾਂ ਲਈ ਪੁਰ-ਦਰਦ ਗੀਤ ਗਾਇਆ 'ਹਾਏ ਰੇ ਦੁਨੀਆ, ਝੂਠੋਂ ਕਾ ਦਰਬਾਰ ਹੈ'

1946 'ਚ ਉਹ ਲਾਹੌਰ ਤੋਂ ਬੰਬੇ ਆ ਗਏ ਇੱਥੇ ਉਨ੍ਹਾਂ ਨੂੰ ਕਾਰਦਾਰ ਪ੍ਰੋਡਕਸ਼ਨਜ਼, ਬੰਬਈ ਦੀ ਫ਼ਿਲਮ 'ਸ਼ਾਹਜਹਾਨ' (1946) 'ਚ ਕੁੰਦਨ ਲਾਲ ਸਹਿਗਲ ਨਾਲ ਮੁੱਖ ਕੋਰਸ ਗਾਇਕ ਦੇ ਰੂਪ 'ਚ ਗਾਉਣ ਦਾ ਮੌਕਾ ਮਿਲਿਆ ਨੌਸ਼ਾਦ ਅਲੀ ਦੇ ਸੰਗੀਤ 'ਚ ਆਏ ਇਸ ਗੀਤ ਦੇ ਬੋਲ ਹਨ 'ਮੇਰੇ ਸਪਨੋਂ ਕੀ ਰਾਨੀ ਰੂਹੀ ਰੂਹੀ ਰੂਹੀ' ਜੋ ਬੜਾ ਮਕਬੂਲ ਹੋਇਆ ਮਹਿਬੂਬ ਪ੍ਰੋਡਕਸ਼ਨਜ਼, ਬੰਬਈ ਦੀ ਮਹਿਬੂਬ ਨਿਰਦੇਸ਼ਿਤ ਫ਼ਿਲਮ 'ਅਨਮੋਲ ਘੜੀ' (1946) 'ਚ ਨੌਸ਼ਾਦ ਸਾਹਿਬ ਵੱਲੋਂ ਸੁਰ-ਬੱਧ ਗੀਤ 'ਤੇਰਾ ਖਿਲੌਨਾ ਟੂਟਾ ਬਾਲਕ ਤੇਰਾ ਖਿਲੌਨਾ ਟੂਟਾ' ਨਾਲ ਪਹਿਲੀ ਵਾਰ ਹਿੰਦੀ ਫ਼ਿਲਮ ਜਗਤ 'ਚ ਭਰਵੀਂ ਸ਼ੋਹਰਤ ਪਾਈ ਸ਼ੌਕਤ ਆਰਟ ਪ੍ਰੋਡਕਸ਼ਨਜ਼, ਬੰਬਈ ਦੀ ਸਈਅਦ ਸ਼ੌਕਤ ਹੁਸੈਨ ਰਿਜ਼ਵੀ ਨਿਰਦੇਸ਼ਿਤ ਫ਼ਿਲਮ 'ਜੁਗਨੂੰ' (1947) 'ਚ ਮੌਸੀਕਾਰ ਫ਼ਿਰੋਜ਼ ਨਿਜ਼ਾਮੀ ਨੇ ਮੁਹੰਮਦ ਰਫ਼ੀ ਤੋਂ 2 ਗੀਤ ਗਵਾਏ ਪਹਿਲਾ ਮਜ਼ਾਹੀਆ ਗੀਤ 'ਵੋ ਆਪਨੀ ਯਾਦ ਦਿਲਾਨੇ ਕੋ ਏਕ ਇਸ਼ਕ ਕੀ ਦੁਨੀਆ ਛੋੜ ਗਏ' ਅਤੇ ਦੂਸਰਾ 'ਜਹਾਂ ਬਦਲਾ ਵਫ਼ਾ ਕਾ ਬੇਵਫ਼ਾਈ ਕੇ ਸਿਵਾ ਕਿਆ ਹੈ' ਜੋ ਅਦਾਕਾਰਾ ਨੂਰਜਹਾਂ ਅਤੇ ਦਲੀਪ ਕੁਮਾਰ 'ਤੇ ਫ਼ਿਲਮਾਇਆ ਗਿਆ ਨਾਯਾਬ ਗੀਤ ਸੀ ਇਸ ਨਗਮੇ ਨੇ ਰਫ਼ੀ ਨੂੰ ਸਫਲਤਾ ਦੇ ਸਿਖਰ 'ਤੇ ਪਹੁੰਚਾ ਦਿੱਤਾ 1947 ਵਿਚ ਮੁਲਕ ਤਕਸੀਮ ਹੋ ਗਿਆ ਤੇ ਮੁਹੰਮਦ ਰਫ਼ੀ ਨੇ ਪਾਕਿਸਤਾਨ ਦੀ ਬਜਾਏ ਹਿੰਦੋਸਤਾਨ 'ਚ ਰਹਿਣਾ ਪਸੰਦ ਕੀਤਾ

ਫ਼ਿਲਮ 'ਗੁਲ ਬਲੋਚ' (1945) ਤੋਂ ਲੈ ਕੇ 'ਉੱਚਾ ਦਰ ਬਾਬੇ ਨਾਨਕ ਦਾ' (1987) ਤੀਕਰ ਬਣੀਆਂ 103 ਪੰਜਾਬੀ ਫ਼ੀਚਰ ਫ਼ਿਲਮਾਂ ਵਿਚ ਮੁਹੰਮਦ ਰਫ਼ੀ ਨੇ ਕੁਲ 253 ਗੀਤ ਗਾਏ ਉਨ੍ਹਾਂ ਦੀ ਦਿਲਕਸ਼ ਆਵਾਜ਼ ਨਾਲ ਅਮੀਰਤਾ ਦਾ ਦਰਜਾ ਪਾਉਣ ਵਾਲੇ ਪੰਜਾਬੀ ਫ਼ਿਲਮਾਂ ਦੇ ਇਹ ਮਸ਼ਹੂਰ ਗੀਤ ਹਨ 'ਜੱਗ ਵਾਲਾ ਮੇਲਾ ਯਾਰੋ ਥੋੜ੍ਹੀ ਦੇਰ ਦਾ', 'ਤੂੰਬਾ ਵੱਜਦਾ ਈ ਨਾ ਤਾਰ ਬਿਨ੍ਹਾਂ' (ਲਤਾ ਨਾਲ/ਲੱਛੀ/1949), 'ਚੱਲ ਆ ਬਾਗਾਂ ਵਿਚ ਨੱਚੀਏ ਨੀ', 'ਇਨ੍ਹਾਂ ਮਿੱਟੀ ਦੀਆਂ ਮੂਰਤਾਂ ਨੂੰ' (ਭਾਈਆ ਜੀ/1950), 'ਮੁੰਡਾ ਮੋਹ ਲਿਆ ਤਵੀਤਾਂ ਵਾਲਾ', 'ਦਿਲ ਟੁੱਟ ਗਏ ਮਿਲਣ ਤੋਂ ਪਹਿਲਾਂ' (ਛਈ/1950), 'ਐਡਾ ਹੁਸਨ ਤੇ ਗਰੂਰ ਨਹੀਂ ਹਜ਼ੂਰ ਚਾਹੀਦਾ' (ਸ਼ਮਸ਼ਾਦ ਬੇਗ਼ਮ ਨਾਲ/ਮਦਾਰੀ/1950), 'ਤੂੰ ਪੀਂਘ ਤੇ ਮੈਂ ਪਰਛਾਵਾਂ' (ਪੋਸਤੀ/1951), 'ਦੜ ਵੱਟ ਜ਼ਮਾਨਾ ਕੱਟ ਭਲੇ ਦਿਨ ਆਵਣਗੇ', (ਜੁਗਨੀ/1953), 'ਚਿੱਟੇ ਦੰਦ ਹੱਸਣੋਂ ਨਹੀਂਓ ਰਹਿੰਦੇ' (ਭੰਗੜਾ/1959), 'ਸਾਰੀ ਉਮਰਾਂ ਦੇ ਪੈ ਗਏ ਵਿਛੋੜੇ' (ਸ਼ਮਸ਼ਾਦ ਨਾਲ/ਦੋ ਲੱਛੀਆਂ/1960), 'ਮੇਰੇ ਨਾਲ ਬੋਲੇਂਗਾ' (ਆਸ਼ਾ ਭੌਂਸਲੇ/ਹੀਰ ਸਿਆਲ/1960), 'ਗੱਲ੍ਹਾਂ ਗੋਰੀਆਂ ਤੇ ਹੋਠ ਗੁਲਾਬੀ' (ਮੀਨੂੰ ਪ੍ਰਸ਼ੋਤਮ ਨਾਲ/ਪੱਗੜੀ ਸੰਭਾਲ ਜੱਟਾ/1960), 'ਘਰ ਬਾਬੁਲ ਦਾ ਛੱਡ ਕੇ ਧੀਏ' (ਚੌਧਰੀ ਕਰਨੈਲ ਸਿੰਘ/1962), 'ਰਾਵੀ ਛੱਡ ਚੱਲੇ ਆਂ' (ਖੇਡਣ ਦੇ ਦਿਨ ਚਾਰ/1962), 'ਸਾਨੂੰ ਬੁੱਕ ਨਾਲ ਪਾਣੀ ਤੂੰ ਪਿਆ ਦੇ ਘੁੱਟ ਨੀਂ' (ਲਾਡਲੀ/1978), 'ਨਾ ਰੁੱਸ ਹੀਰੇ ਮੇਰੀਏ' (ਚੰਨ ਪਰਦੇਸੀ/1980), 'ਮੇਰਾ ਵਿੱਛੜਿਆ ਯਾਰ ਮਿਲਾਦੇ' (ਸੋਹਣੀ ਮਹੀਂਵਾਲ/1984), 'ਮੈਂ ਆਇਆ ਦੂਰੋਂ ਚੱਲ ਕੇ' (ਸਵਿਤਾ ਸਾਥੀ ਨਾਲ/ਉੱਚਾ ਦਰ ਬਾਬੇ ਨਾਨਕ ਦਾ/1987) ਪੰਜਾਬੀ ਫ਼ਿਲਮਾਂ ਦੇ ਨਾਲ-ਨਾਲ ਮੁਹੰਮਦ ਰਫ਼ੀ ਦੇ ਗਾਏ ਪੰਜਾਬੀ ਲੋਕ ਗੀਤ ਵੀ ਇੰਤਹਾਈ ਮਕਬੂਲ ਹੋਏ 'ਤੇਰੇ ਚਿੱਟਿਆਂ ਦੰਦਾ ਦਾ ਹਾਸਾ ਨੀਂ ਸਾਡੀ ਜਿੰਦ ਲੈ ਗਿਆ', 'ਵਾਢੀ ਕਰਦੀ ਮੁਰੱਬਿਆਂ ਵਾਲੀ', 'ਸਾਡੀ ਰੁੱਸ ਗਈ ਝਾਂਜਰਾਂ ਵਾਲੀ', 'ਹਾਕਾਂ ਮਾਰਦਾ ਮੁੰਡਾ ਪਟਵਾਰੀ', 'ਨੀਂ ਹਾਲੇ ਵੀ ਤੂੰ ਵੱਟੀ ਫਿਰੇਂ ਤੇਰੀ ਜੁੱਤੀ ਨੂੰ ਲਵਾ ਦਿੱਤੇ ਘੁੰਗਰੂ', 'ਮੁੰਡੇ ਮਰ ਗਏ ਕਮਾਈਆਂ ਕਰਦੇ', 'ਲਾ ਕੇ ਤੇਰੇ ਦੰਦਾਂ ਵਿਚ ਮੇਖਾਂ' ਆਦਿ ਇਸ ਤੋਂ ਇਲਾਵਾ 1972 ਵਿਚ ਔਡੀਅਨ ਕੰਪਨੀ ਨੇ ਵਾਰਿਸ਼ ਸ਼ਾਹ ਦੀ ਹੀਰ 'ਤੇ ਆਧਾਰਿਤ ਅਤੇ ਪ੍ਰੇਮ ਧਵਨ ਦੇ ਸੰਗੀਤ ਵਿਚ ਮੁਹੰਮਦ ਰਫ਼ੀ, ਨਰਿੰਦਰ ਬੀਬਾ ਤੇ ਸਾਥੀਆਂ ਦਾ ਗਾਇਆ ਪੰਜਾਬੀ ਓਪੇਰਾ ਪੇਸ਼ ਕੀਤਾ, ਜਿਸ ਨੂੰ ਸੰਗੀਤ-ਮੱਦਾਹਾਂ ਨੇ ਬੜਾ ਪਸੰਦ ਕੀਤਾ

ਭਾਰਤ ਸਰਕਾਰ ਨੇ ਮੁਹੰਮਦ ਰਫ਼ੀ ਨੂੰ ਗਾਇਕੀ ਦੇ ਖੇਤਰ ਵਿਚ ਆਲ੍ਹਾ ਮੁਕਾਮ ਹਾਸਲ ਕਰਨ ਵਜੋਂ 'ਪਦਮਸ੍ਰੀ' (1965) ਨਾਲ ਸਰਫ਼ਰਾਜ਼ ਕੀਤਾ ਅਤੇ ਬਿਹਤਰੀਨ ਗਾਇਕੀ ਲਈ 2003 'ਚ 5 ਰੁਪਏ ਦਾ ਡਾਕ ਟਿਕਟ ਵੀ ਜਾਰੀ ਕੀਤਾ ਗਿਆ ਫ਼ਿਲਮ 'ਚੌਦ੍ਹਵੀਂ ਕਾ ਚਾਂਦ' (1960) ਤੋਂ ਲੈ ਕੇ 'ਅਬਦੁੱਲਾ' (1980) 'ਚ ਗਾਏ ਖ਼ੂਬਸੂਰਤ ਗੀਤਾਂ ਸਦਕਾ 21 ਵਾਰ ਉਨ੍ਹਾਂ ਨੂੰ ਸਰਵੋਤਮ ਗਾਇਕ ਦਾ 'ਫ਼ਿਲਮਫੇਅਰ ਐਵਾਰਡ' ਪ੍ਰਦਾਨ ਕੀਤਾ ਗਿਆ 3 ਵਾਰ ਬੰਗਾਲ ਫ਼ਿਲਮ ਜਰਨਲਿਸਟਸ ਐਸੋਸੀਏਸ਼ਨ ਐਵਾਰਡ, 1948 ਵਿਚ ਆਜ਼ਾਦੀ ਦਿਵਸ ਦੀ ਪਹਿਲੀ ਵਰ੍ਹੇਗੰਢ ਮੌਕੇ ਪੰਡਤ ਨਹਿਰੂ ਵੱਲੋਂ 'ਸਿਲਵਰ ਜੁਬਲੀ ਐਵਾਰਡ' ਨਾਲ ਨਿਵਾਜਿਆ ਗਿਆ

ਫ਼ਿਲਮ ਕੁੰਜ, ਬੰਬੇ ਦੀ ਹਿੰਦੀ ਫ਼ਿਲਮ 'ਆਸਪਾਸ' (1980) ਮੁਹੰਮਦ ਰਫ਼ੀ ਵੱਲੋਂ ਗਾਏ ਗੀਤਾਂ ਦੀ ਆਖ਼ਰੀ ਫ਼ਿਲਮ ਸੀ ਲਕਸ਼ਮੀ ਕਾਂਤ-ਪਿਆਰੇ ਲਾਲ ਦੇ ਸੰਗੀਤ 'ਚ ਆਨੰਦ ਬਖ਼ਸ਼ੀ ਦੇ ਲਿਖੇ ਇਨ੍ਹਾਂ ਗੀਤਾਂ ਦੇ ਬੋਲ ਹਨ 'ਤੇਰੇ ਆਨੇ ਕੀ ਆਸ ਹੈ ਦੋਸਤ' ਅਤੇ ਦੂਜਾ ਲਤਾ ਜੀ ਨਾਲ ਪੰਜਾਬੀ-ਨੁਮਾ ਹਿੰਦੀ ਗੀਤ 'ਤੇਰੇ ਲੌਂਗ ਦਾ ਪਿਆ ਲਿਸ਼ਕਾਰਾ ਹਾਲੀਆਂ ਨੇ ਹੱਲ ਡੱਕ ਲਏ'

6 ਕੁ ਹਜ਼ਾਰ ਦੇ ਕਰੀਬ ਪੰਜਾਬੀ/ਹਿੰਦੀ ਫ਼ਿਲਮੀ ਗੀਤ, ਲੋਕ ਗੀਤ, ਸ਼ਬਦ, ਭਜਨ, ਗ਼ਜ਼ਲ, ਦੇਸ਼-ਭਗਤੀ, ਕੱਵਾਲੀ ਅਤੇ ਹੋਰਨਾਂ ਭਾਸ਼ਾਵਾਂ ਦੇ ਗੀਤਾਂ ਨੂੰ ਆਪਣੀ ਆਵਾਜ਼ ਨਾਲ ਸਰਸ਼ਾਰ ਕਰਨ ਵਾਲਾ ਮੁਹੰਮਦ ਰਫ਼ੀ 31 ਜੁਲਾਈ, 1980 ਨੂੰ 55 ਸਾਲ ਦੀ ਉਮਰ ਵਿਚ ਸਾਨੂੰ ਸਦੀਵੀ ਵਿਛੋੜਾ ਦੇ ਗਿਆ (ਧੰਨਵਾਦ ਪੰ.ਟ੍ਰਿ)



# ਲਤਾ ਮੰਗੇਸ਼ਕਰ ਦੀ ਪੰਜਾਬੀ ਸੰਗੀਤ ਨਾਲ ਉਲ.ਫਤ

**ਮਨਦੀਪ ਸਿੰਘ ਸਿੱਧੂ**

ਲਤਾ ਮੰਗੇਸ਼ਕਰ ਦਾ ਜਨਮ 28 ਸਤੰਬਰ, 1929 ਨੂੰ ਪੰਡਤ ਦੀਨਾ ਨਾਥ ਮੰਗੇਸ਼ਕਰ ਦੀ ਦੂਜੀ ਪਤਨੀ ਮਾਤਾ ਸੁਧਾਮਤੀ ਦੇ ਘਰ ਹੋਇਆ ਕੌਣ ਜਾਣਦਾ ਸੀ ਕਿ ਇੰਦੌਰ ਦੇ ਸਿੱਖ ਮੁਹੱਲੇ 'ਚ ਮਰਾਠੀ ਪਰਿਵਾਰ ਵਿਚ ਜਨਮੀ ਇਹ ਬਾਲੜੀ ਆਉਣ ਵਾਲੇ ਸਮੇਂ 'ਚ ਸੰਗੀਤ ਦੀ ਦੁਨੀਆਂ ਦਾ ਮਾਰੂਫ਼ ਸਿਤਾਰਾ ਬਣ ਜਾਵੇਗੀ ਲਤਾ ਨੂੰ ਸ਼ਾਸਤਰੀ ਸੰਗੀਤ ਦੀ ਗੁੜ੍ਹਤੀ ਆਪਣੇ ਪਿਤਾ ਕੋਲੋਂ ਵਿਰਾਸਤ 'ਚ ਮਿਲੀ ਲਿਹਾਜ਼ਾ 5 ਸਾਲ ਦੀ ਉਮਰ ਵਿਚ ਹੀ ਪਿਤਾ ਧੀ ਦੇ ਉਸਤਾਦ ਬਣ ਗਏ

ਉਂਜ ਲਤਾ ਦਾ ਪੈਦਾਇਸ਼ੀ ਨਾਮ 'ਹਿਰਦਿਆ' ਰੱਖਿਆ ਗਿਆ ਸੀ, ਪਰ ਉਨ੍ਹਾਂ ਦੇ ਪਿਤਾ ਵੱਲੋਂ ਮੰਚਿਤ ਮਰਾਠੀ ਨਾਟਕ 'ਭਾਵ ਬੰਧਨ' ਦੇ ਮੁੱਖ ਕਿਰਦਾਰ 'ਲਤਿਕਾ' ਤੋਂ ਮੁਤਾਸਿਰ ਹੁੰਦਿਆਂ ਹਿਰਦਿਆ ਨੂੰ 'ਲਤਾ' ਦੇ ਨਾਮ ਨਾਲ ਬੁਲਾਇਆ ਜਾਣ ਲੱਗਾ ਲਤਾ ਨੇ ਆਪਣੇ ਜੀਵਨ ਦੇ 13 ਬਸੰਤ ਹੀ ਵੇਖੇ ਸਨ ਕਿ ਉਨ੍ਹਾਂ ਦੇ ਪਿਤਾ ਜੀ ਵਫ਼ਾਤ ਪਾ ਗਏ ਪਿਤਾ ਜੀ ਨੇ ਵਿਰਾਸਤ ਦੇ ਰੂਪ 'ਚ ਸੰਗੀਤ ਦੇ ਬਿਨਾਂ ਕੁਝ ਨਹੀਂ ਛੱਡਿਆ ਅਤੇ ਇਸ ਲਈ ਲਤਾ ਨੂੰ ਨਾਟਕਾਂ ਤੋਂ ਲੈ ਕੇ ਫ਼ਿਲਮਾਂ ਵਿਚ ਛੋਟੇ-ਛੋਟੇ ਕੰਮ ਕਰਨੇ ਪਏ

ਲਤਾ ਮੰਗੇਸ਼ਕਰ ਨੇ ਗਾਇਨ ਦੀ ਸ਼ੁਰੂਆਤ ਮਰਾਠੀ ਫ਼ਿਲਮ 'ਕਿਤੀ ਹਸਾਲ' (1942) ਤੋਂ ਕੀਤੀ ਸੀ, ਪਰ ਉਸਦੇ ਗਾਏ ਗੀਤ ਨੂੰ ਫ਼ਿਲਮ ਵਿਚ ਸ਼ਾਮਲ ਨਹੀਂ ਕੀਤਾ ਗਿਆ ਇਸ ਤੋਂ ਬਾਅਦ ਆਈ ਇਕ ਹੋਰ ਮਰਾਠੀ ਫ਼ਿਲਮ 'ਗਜਾਭਾਊ' (1944) 'ਚ ਉਸਨੇ ਆਪਣਾ ਪਹਿਲਾ ਹਿੰਦੀ ਗੀਤ ਗਾਇਆ 'ਮਾਤਾ ਏਕ ਸਪੂਤ ਕੀ ਦੁਨੀਆਂ ਬਦਲ ਦੇ ਤੂੰ' 16 ਸਾਲ ਦੀ ਉਮਰ ਵਿਚ ਉਸਦੀ ਬਤੌਰ ਬਾਲ ਅਦਾਕਾਰਾ ਅਤੇ ਗੁਲੂਕਾਰਾ ਵਜੋਂ ਪਹਿਲੀ ਹਿੰਦੀ ਫ਼ਿਲਮ ਪ੍ਰਫੁੱਲ ਪਿਕਚਰਜ਼, ਬੰਬਈ ਦੀ ਵਿਨਾਇਕ ਨਿਰਦੇਸ਼ਿਤ 'ਬੜੀ ਮਾਂ' (1945) ਸੀ ਉਸਨੇ ਦੱਤਾ ਕੋਰਗਾਂਵਕਰ ਦੇ ਸੰਗੀਤ



'ਚ ਜ਼ੀਆ ਸਰਹੱਦੀ ਤੇ ਅੰਜੁਮ ਪੀਲੀਭੀਤੀ ਦੇ ਲਿਖੇ ਦੋ ਗੀਤ 'ਮਾਤਾ ਤੇਰੇ ਚਰਨੋਂ ਮੇਂ' ਤੇ ਦੂਜਾ 'ਜਨਨੀ ਜਨਮਭੂਮੀ ਤੁਮ ਮਾਂ ਹੋ ਬੜੀ ਮਾਂ' (ਨਾਲ ਮੀਨਾਕਸ਼ੀ) ਗਾਏ ਇਨ੍ਹਾਂ 'ਚੋਂ ਪਹਿਲਾ ਗੀਤ ਲਤਾ 'ਤੇ ਹੀ ਫ਼ਿਲਮਾਇਆ ਗਿਆ ਸੀ ਉਸਨੂੰ ਹਿੰਦੀ ਫ਼ਿਲਮਾਂ ਵਿਚ ਪਹਿਲਾ ਜਬਰਦਸਤ ਮੌਕਾ ਦਿੱਤਾ ਪੰਜਾਬੀ ਸੰਗੀਤ-ਨਿਰਦੇਸ਼ਕ ਭਾਈ ਗ਼ੁਲਾਮ ਹੈਦਰ 'ਅੰਮ੍ਰਿਤਸਰੀ' ਨੇ ਉਨ੍ਹਾਂ ਨੇ ਹੀ ਉਸਨੂੰ ਹਿੰਦੀ ਦੀ ਮੁੱਖ-ਧਾਰਾ 'ਚ ਲਿਆਉਂਦਿਆਂ ਬੰਬੇ ਟਾਕੀਜ਼, ਬੰਬਈ ਦੀ ਫ਼ਿਲਮ 'ਮਜਬੂਰ' (1948) 'ਚ ਆਪਣੀ ਮੁਰੱਤਿਬ ਮੌਸੀਕੀ 'ਚ 4 ਏਕਲ ਤੇ 3 ਦੋਗਾਣੇ ਗਵਾਏ ਇਸਦੇ ਨਾਲ ਹੀ ਸ਼ੁਰੂ ਹੋਇਆ ਲਤਾ ਮੰਗੇਸ਼ਕਰ ਦਾ ਹਿੰਦੀ ਸਿਨਮਾ ਦੀ ਦੁਨੀਆਂ 'ਚ ਪਿੱਠਵਰਤੀ ਗੁਲੂਕਾਰਾ ਵਜੋਂ ਸੁਨਹਿਰਾ ਸਫ਼ਰ 1949 ਵਿਚ ਨੁਮਾਇਸ਼ ਹੋਈ ਹਿਦਾਇਤਕਾਰ ਕਮਾਲ ਅਮਰੋਹੀ ਦੀ ਫ਼ਿਲਮ 'ਮਹਿਲ' ਜਿਸਦੇ ਮੌਸੀਕਾਰ ਪੰਡਤ ਖ਼ੇਮਚੰਦ ਪ੍ਰਕਾਸ਼ ਸਨ, ਦੀ ਸੰਗੀਤ ਨਿਰਦੇਸ਼ਨਾ ਵਿਚ ਗੀਤ 'ਆਏਗਾ ਆਨੇ ਵਾਲਾ' ਨਾਲ ਉਸਨੂੰ ਸਫਲਤਾ ਅਤੇ ਪੁਖ਼ਤਾ ਪਛਾਣ ਮਿਲੀ ਇਸ ਗੀਤ ਜ਼ਰੀਏ ਉਸਦੀ ਆਵਾਜ਼ ਦੇਸ਼ ਦੇ ਕੋਨੇ-ਕੋਨੇ 'ਚ ਪਹੁੰਚ ਗਈ

ਉਸਨੇ 1949 ਤੋਂ 1954 ਤਕ ਬਣੀਆਂ 7 ਪੰਜਾਬੀ ਫ਼ਿਲਮਾਂ ਵਿਚ ਕੁੱਲ 30 ਗੀਤ ਗਾਏ ਉਨ੍ਹਾਂ ਨੂੰ ਪੰਜਾਬੀ ਫ਼ਿਲਮਾਂ 'ਚ ਗਵਾਉਣ ਦਾ ਮਾਣ ਪੰਜਾਬੀ ਸੰਗੀਤ-ਨਿਰਦੇਸ਼ਕ ਹੰਸਰਾਜ ਬਹਿਲ, ਲਾਇਲਪੁਰੀ ਨੂੰ ਹਾਸਲ ਹੈ ਕੁਲਦੀਪ ਪਿਕਚਰਜ਼ ਲਿਮਟਿਡ, ਬੰਬੇ ਦੀ ਨਗ਼ਮਾਬਾਰ ਪੰਜਾਬੀ ਫ਼ਿਲਮ 'ਲੱਛੀ' (1949) ਵਿਚ ਫ਼ਿਲਮ ਦੇ 11 ਗੀਤਾਂ 'ਚੋਂ 7 ਗੀਤ ਲਤਾ ਕੋਲੋਂ ਗਵਾਏ 'ਹਾੜਾ ਵੇ ਚੰਨਾ ਯਾਦ ਸਾਨੂੰ ਤੇਰੀ ਆਵੇ', 'ਕਾਲੀ ਕੰਘੀ ਨਾਲ ਕਾਲੇ ਵਾਲ ਪਈ ਵਾਹਨੀ ਆਂ', 'ਤੂੰਬਾ ਵੱਜਦਾ ਈ ਨਾ ਤਾਰ ਬਿਨਾਂ' (ਮੁਹੰਮਦ ਰਫ਼ੀ ਨਾਲ), ਫਿਰ ਇਸ ਫ਼ਿਲਮ 'ਚ ਉਸਦਾ ਗਾਇਆ ਏਕਲ ਗੀਤ 'ਨਾਲੇ ਲੰਮੀ ਤੇ ਨਾਲੇ ਕਾਲੀ ਹਾਏ ਵੇ ਚੰਨਾ ਰਾਤ ਜੁਦਾਈਆਂ ਵਾਲੀ' ਅਮਰ ਗੀਤ ਦਾ ਦਰਜਾ ਰੱਖਦਾ ਹੈ ਇਸ ਤੋਂ ਪਹਿਲਾਂ ਵੀ ਪੰਜਾਬੀ ਸੰਗੀਤ-ਨਿਰਦੇਸ਼ਕ ਵਿਨੋਦ ਨੇ ਫ਼ਿਲਮ 'ਚਮਨ' (1948) ਦੇ ਗਰਾਮੋਫ਼ੋਨ ਰਿਕਾਰਡ ਲਈ 3 ਗੀਤ ਲਤਾ ਤੋਂ ਗਵਾਏ ਸਨ ਰਾਜ ਰੰਗ ਫ਼ਿਲਮਜ਼, ਬੰਬੇ ਦੀ ਓਮ ਪ੍ਰਕਾਸ਼ ਨਿਰਦੇਸ਼ਿਤ ਪੰਜਾਬੀ ਫ਼ਿਲਮ 'ਭਾਈਆ ਜੀ' (1950) 'ਚ ਵਿਨੋਦ ਨੇ ਆਪਣੀ ਮੌਸੀਕੀ ਵਿਚ ਦੂਜੀ ਵਾਰ ਆਜ਼ਾਦਾਨਾ ਤੌਰ 'ਤੇ ਲਤਾ ਤੋਂ 5 ਗੀਤ ਗਵਾਏ ਰਾਜ ਰੰਗ ਬੈਨਰ ਦੀ ਹੀ ਰਾਜਿੰਦਰ ਸ਼ਰਮਾ ਨਿਰਦੇਸ਼ਿਤ ਦੂਜੀ ਪੰਜਾਬੀ ਫ਼ਿਲਮ 'ਮਦਾਰੀ' (1950) 'ਚ ਹੀ ਮੌਸੀਕਾਰ ਅੱਲਾ ਰੱਖਾ ਕੁਰੈਸ਼ੀ ਦੇ ਸੰਗੀਤ 'ਚ ਅਜ਼ੀਜ਼ ਕਸ਼ਮੀਰੀ ਦੇ ਲਿਖੇ 3 ਗੀਤ ਗਾਏ ਅੰਮ੍ਰਿਤ ਆਰਟ ਪ੍ਰੋਡਕਸ਼ਨਜ਼, ਬੰਬੇ ਦੀ ਰਾਜਪਾਲ ਨਿਰਦੇਸ਼ਿਤ ਪੰਜਾਬੀ ਫ਼ਿਲਮ 'ਫੁੱਮਣ' (1951) 'ਚ ਇਕ ਵਾਰ ਫਿਰ ਅੱਲਾ ਰੱਖਾ ਕੁਰੈਸ਼ੀ ਨੇ ਆਪਣੀ ਤਰਤੀਬ ਮੌਸੀਕੀ 'ਚ ਲਤਾ ਕੋਲੋਂ 4 ਗੀਤ ਗਵਾਏ ਦਰਬਾਰ ਥੀਏਟਰਜ਼, ਬੰਬੇ ਦੀ ਐੱਸ. ਅਰੋੜਾ ਨਿਰਦੇਸ਼ਿਤ ਪੰਜਾਬੀ ਫ਼ਿਲਮ 'ਸ਼ਾਹ ਜੀ' (1954) 'ਚ ਉੱਘੀ ਸੰਗੀਤਕਾਰ ਜੋੜੀ ਪੰਡਤ ਹੁਸਨਲਾਲ-ਭਗਤਰਾਮ ਰਾਮ ਨੇ ਵੀ ਲਤਾ ਦੀ ਆਵਾਜ਼ 'ਚ ਇਕ ਗੀਤ 'ਜਦ ਰਾਤ ਪੈਣ ਲੱਗੇ ਹੰਝੂਆਂ ਦੇ ਤੇਲ ਵਿਚ' ਗਵਾਇਆ ਇਨ੍ਹਾਂ ਫ਼ਿਲਮੀ ਗੀਤਾਂ ਦੀ ਬੇਪਨਾਹ ਮਕਬੂਲੀਅਤ ਨੇ ਪੰਜਾਬੀ ਸਿਨਮਾ 'ਚ ਉਸਦੀ ਗੁਲੂਕਾਰੀ ਦਾ ਝੰਡਾ ਬੁਲੰਦ ਕਰ ਦਿੱਤਾ ਜਦੋਂ ਕਵਾਤੜਾ ਬ੍ਰਦਰਜ਼, ਬੰਬੇ ਨੇ ਆਪਣੇ ਜ਼ਾਤੀ ਬੈਨਰ ਹੇਠ ਪੰਜਾਬੀ ਫ਼ਿਲਮ 'ਵਣਜਾਰਾ' (1954) ਬਣਾਈ ਤਾਂ ਸੰਗੀਤਕਾਰ ਸਰਦੂਲ ਕਵਾਤੜਾ ਨੇ ਲਤਾ ਤੋਂ 7 ਗੀਤ ਗਵਾਏ

1960ਵਿਆਂ ਦੇ ਦਹਾਕੇ ਵਿਚ ਲਤਾ ਨੇ 5 ਪੰਜਾਬੀ ਫ਼ਿਲਮਾਂ ਵਿਚ ਕੁੱਲ 17 ਗੀਤ ਗਾਏ ਗੋਲਡਨ ਮੂਵੀਜ਼, ਬੰਬੇ ਦੀ ਜੁਗਲ ਕਿਸ਼ੋਰ ਨਿਰਦੇਸ਼ਿਤ ਫ਼ਿਲਮ 'ਦੋ ਲੱਛੀਆਂ' (1960) ਦਾ ਮੁਹੰਮਦ ਰਫ਼ੀ ਨਾਲ ਗਾਇਆ ਗੀਤ 'ਅਸਾਂ ਕੀਤੀ ਏ ਤੇਰੇ ਨਾਲ ਥੂ, ਦਿਲ ਲੈ ਕੇ ਮੁੱਕਰ ਗਈ ਤੂੰ' ਬੜਾ ਹਿੱਟ ਹੋਇਆ ਈਸਟ ਐਂਡ ਵੈਸਟ ਮੂਵੀਜ਼, ਬੰਬੇ ਦੀ ਮਜਨੂੰ (ਹੈਰੋਲਡ ਲੂਈਸ) ਨਿਰਦੇਸ਼ਿਤ ਫ਼ਿਲਮ 'ਪੱਗੜੀ ਸੰਭਾਲ ਜੱਟਾ' (1960) 'ਚ 4 ਗੀਤ ਗਾਏ

ਏ. ਐੱਸ. ਫ਼ਿਲਮਜ਼, ਬੰਬੇ ਦੀ ਏ. ਐੱਸ. ਅਰੋੜਾ ਨਿਰਦੇਸ਼ਿਤ ਫ਼ਿਲਮ 'ਗੁੱਡੀ' (1961) ਵਿਚ ਲਤਾ ਨੇ ਹੰਸਰਾਜ ਬਹਿਲ ਦੇ ਸੰਗੀਤ 'ਚ ਅਜ਼ੀਜ਼ ਕਸ਼ਮੀਰੀ ਤੇ ਵਰਮਾ ਮਲਿਕ ਦੇ ਲਿਖੇ ਦੋ ਰੁਮਾਨੀ ਗੀਤ ਮੁਹੰਮਦ ਰਫ਼ੀ ਨਾਲ ਗਾਏ 'ਸਾਨੂੰ ਤੱਕ ਕੇ ਨਾ ਸੰਗਿਆ ਕਰੋ' ਤੇ 'ਪਿਆਰ ਦੇ ਭੁਲੇਖੇ ਕਿੰਨੇ ਸੋਹਣੇ-ਸੋਹਣੇ ਖਾ ਗਏ' ਅੱਜ ਵੀ ਬੜੇ ਸ਼ੌਕ ਨਾਲ ਸੁਣੇ ਜਾਂਦੇ ਹਨ 'ਪਿੰਡ ਦੀ ਕੁੜੀ' (1963) 'ਚ ਹੰਸਰਾਜ ਬਹਿਲ ਦੇ ਸੰਗੀਤ 'ਚ ਵਰਮਾ ਮਲਿਕ ਦਾ ਲਿਖਿਆ 'ਲਾਈਆਂ ਤੇ ਤੋੜ ਨਿਭਾਵੀਂ ਛੱਡ ਕੇ ਨਾ ਜਾਵੀਂ' ਅਦਾਕਾਰਾ ਨਿਸ਼ੀ 'ਤੇ ਫ਼ਿਲਮਾਇਆ ਗਿਆ ਲਤਾ ਮੰਗੇਸ਼ਕਰ ਦਾ ਪੁਰਦਰਦ ਗੀਤ ਸੀ

ਅਕਾਸ਼ਬਾਣੀ ਪਿਕਚਰਜ਼, ਬੰਬੇ ਦੀ ਹੈਨਰੀ ਜੂਲੀਅਸ ਨਿਰਦੇਸ਼ਿਤ ਫ਼ਿਲਮ 'ਗੀਤ ਬਹਾਰਾਂ ਦੇ' (1964), ਮਾਹੇਸ਼ਵਰੀ ਪਿਕਚਰਜ਼, ਬੰਬੇ ਪਦਮ ਮਾਹੇਸ਼ਵਰੀ ਨਿਰਦੇਸ਼ਿਤ ਫ਼ਿਲਮ 'ਸਤਲੁਜ ਦੇ ਕੰਢੇ' (1964) 'ਚ ਹੰਸਰਾਜ ਬਹਿਲ ਦੇ ਸੰਗੀਤ 'ਚ ਪੰਡਤ ਦੀਨਾ ਨਾਥ ਮਧੋਕ ਦਾ ਲਿਖਿਆ 'ਉਸ ਪੰਛੀ ਨਾਲ ਕੀ ਨੇਹੁੰ ਕੀ ਲਾਣਾ' ਅਦਾਕਾਰਾ ਨਿਸ਼ੀ 'ਤੇ ਫ਼ਿਲਮਾਇਆ ਉਮਦਾ ਗੀਤ ਸੀ ਵਿਦੇਸ਼ੀ ਫ਼ਿਲਮ ਫੈਸਟੀਵਲ ਵਿਚ ਚੁਣੀ ਜਾਣ ਵਾਲੀ ਜਿੱਥੇ ਇਹ ਪਹਿਲੀ ਪੰਜਾਬੀ ਫ਼ਿਲਮ ਬਣੀ, ਉੱਥੇ ਇਸ ਸੁਪਰਹਿੱਟ ਫ਼ਿਲਮ ਨੂੰ 1967 ਵਿਚ ਬਿਹਤਰੀਨ ਪੰਜਾਬੀ ਫ਼ਿਲਮ ਦਾ ਨੈਸ਼ਨਲ ਐਵਾਰਡ ਵੀ ਮਿਲਿਆ

ਇਸ ਤਰ੍ਹਾਂ ਹੀ ਲਤਾ ਨੇ 1970, 80 ਅਤੇ 90 ਦੇ ਦਹਾਕਿਆਂ ਵਿਚ 5 ਪੰਜਾਬੀ ਫ਼ਿਲਮਾਂ ਵਿਚ 6 ਗੀਤ ਗਾਏ ਲਤਾ ਮੰਗੇਸ਼ਕਰ ਨੇ ਪੰਜਾਬੀ ਫ਼ਿਲਮਾਂ ਵਿਚ ਆਪਣਾ ਆਖ਼ਰੀ ਨਗ਼ਮਾ ਸਪਰੂ ਆਰਟ ਇੰਟਰਨੈਸ਼ਨਲ, ਬੰਬੇ ਦੀ ਪੰਜਾਬੀ ਫ਼ਿਲਮ 'ਮਹਿੰਦੀ ਸ਼ਗਨਾਂ ਦੀ' (1992) ਵਿਚ ਗਾਇਆ ਉੱਤਮ ਸਿੰਘ ਦੇ ਸੰਗੀਤ 'ਚ ਬਾਬੂ ਸਿੰਘ ਮਾਨ ਦਾ ਲਿਖਿਆ ਪ੍ਰੀਤੀ ਸਪਰੂ 'ਤੇ ਫ਼ਿਲਮਾਇਆ 'ਮੱਥੇ ਉੱਤੇ ਟਿੱਕਾ ਲਾ ਕੇ ਧਾਰੀ ਸੁਰਮੇ ਦੀ ਪਾ ਕੇ' ਗੀਤ ਬੇਹੱਦ ਮਕਬੂਲ ਹੋਇਆ ਸਾਲ 1978 ਵਿਚ ਆਪਣੇ ਭਰਾ ਹਿਰਦੈਨਾਥ ਦੀ ਤਰਜ਼ 'ਤੇ ਤਰਤੀਬ ਗ਼ੈਰ-ਫ਼ਿਲਮੀ ਪੰਜਾਬੀ ਗੀਤ 'ਹੀਰ ਆਖਦੀ ਜੋਗੀਆ ਝੂਠ ਬੋਲੇ, ਕੌਣ ਰੁੱਠੜੇ ਯਾਰ ਮਨਾਂਵਦਾ ਈ' ਲਤਾ ਦੇ ਗਾਏ ਸ਼ਾਹਕਾਰ ਪੰਜਾਬੀ ਲੋਕ ਗੀਤਾਂ 'ਚੋਂ ਇਕ ਹੈ ਇਸ ਤੋਂ ਇਲਾਵਾ ਉਸਦੇ ਗਾਏ ਪੰਜਾਬੀ ਸ਼ਬਦਾਂ ਦਾ ਇਕ ਐੱਲ. ਪੀ. ਰਿਕਾਰਡ 'ਮਿਲ ਮੇਰੇ ਪ੍ਰੀਤਮਾ ਜੀਓ' 1979 ਵਿਚ ਜਾਰੀ ਹੋਇਆ ਸੀ

ਸੰਪਰਕ: 97805-09545

(ਧੰਨਵਾਦ ਪੰ.ਟ੍ਰਿ)

## ਚਾਰ ਯੁੱਧਾਂ ਦੀ ਗਾਥਾ

(ਸਫਾ 2 ਦਾ ਬਾਕੀ)

ਦਰਬਾਰ ਪਾਸ ਗਿਆ। ਸ਼ਾਹ ਜਹਾਨ ਅੱਗੇ ਹੀ ਗੁਰੂ ਜੀ ਦੇ ਸਖ਼ਤ ਵਿਰੋਧ ਵਿਚ ਸੀ। ਉਸ ਨੇ ਕਾਲੇ ਖਾਂ ਨੂੰ ਪੰਜਾਹ ਹਜ਼ਾਰ ਫੌਜ ਦੇ ਕੇ ਪੈਂਦੇ ਖਾਂ ਨਾਲ ਭੇਜਿਆ। ਜਲੰਧਰ ਦੇ ਸੂਬੇ ਦੀ ਦੋ ਹਜ਼ਾਰ ਫੌਜ ਵੀ ਰਲ ਗਈ। ਸਭ ਨੇ ਤਿਆਰੀ ਕਰਕੇ ਅੱਧੀ ਰਾਤ ਨੂੰ ਕਰਤਾਰਪੁਰ ਆਣ ਘੇਰਿਆ।

ਕਰਤਾਰਪੁਰ ਦੀ ਜੰਗ 1691 ਸੰਮਤ ਬਿਕਰਮੀ ਵਿਚ ਹੋਈ। ਗੁਰੂ ਜੀ ਪਾਸ ਉਸ ਸਮੇਂ 1800 ਯੋਧੇ ਸਨ। ਦੂਜੇ ਪਾਸੇ 52 ਹਜ਼ਾਰ ਦੀ ਯਲਗਾਰ ਸੀ। 24 ਹਾੜ 1691 ਸੰਮਤ ਅੱਧੀ ਰਾਤ ਨੂੰ ਯੁੱਧ ਆਰੰਭ ਹੋਇਆ ਜੋ 25 ਹਾੜ ਦੀ ਸ਼ਾਮ ਨੂੰ ਸਮਾਪਤ ਹੋਇਆ। ਇਸ ਯੁੱਧ ਵਿਚ ਪੈਂਦੇ ਖਾਂ, ਅਸਮਾਨ ਖਾਂ, ਕਾਲੇ ਖਾਂ, ਪੈਂਦੇ ਖਾਂ ਦਾ ਜੁਆਈ ਅਤੇ ਬਹੁਤ ਸਾਰੀ ਸੈਨਾ ਵੀ ਮਾਰੀ ਗਈ। ਦੂਜਾ ਕਾਬਲੀ ਘੋੜਾ ਗੁਲਬਾਗ ਇਸ ਜੰਗ ਵਿਚ ਜਖ਼ਮੀ ਹੋ ਕੇ ਚੜ੍ਹਾਈ ਕਰ ਗਿਆ। ਇਸ ਤਰ੍ਹਾਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਵਿਰੁਧ ਸ਼ਾਹਜਹਾਨ ਨੇ ਚਾਰ ਜੰਗਾਂ ਲੜੀਆਂ ਪਰ ਚਾਰਾਂ ਵਿਚ ਹੀ ਹਾਰ ਖਾਧੀ ਅਤੇ ਗੁਰੂ ਸਾਹਿਬ ਦੀ ਸਿੱਖ ਫੌਜਾਂ ਦੀ ਜਿੱਤ ਹੁੰਦੀ ਰਹੀ।

*—ਬੇਅੰਤ ਸਿੰਘ ਸਰਹੱਦੀ*

*(ਧੰਨਵਾਦ ਸਿਮਰਨ)*

# ਦੇਸ਼ ਦੀ ਆਜ਼ਾਦੀ ਤੋਂ ਪਹਿਲਾਂ ਦਾ ਚੱਲ ਰਿਹਾ ਦੜ੍ਹਾ ਸੱਟਾ ਅੱਜ ਵੀ ਜਾਰੀ ਕਿਉਂ ਹੈ?

ਸਾਡੇ ਦੇਸ਼ ਵਿਚ ਆਜ਼ਾਦੀ ਤੋਂ ਪਹਿਲਾਂ ਦਾ ਚੱਲਦਾ ਆ ਰਿਹਾ ਦੜ੍ਹਾ ਸੱਟ ਅੱਜ ਵੀ ਗੁਪਤ ਰੂਪ ਵਿਚ ਚੱਲ ਰਿਹਾ ਹੈ। ਹੁਣ ਇਸ ਦੜ੍ਹੇ ਸੱਟੇ ਪਿੱਛੇ ਕੌਣ ਹੈ ਜੋ ਇਸ ਨੂੰ ਚਲਾ ਰਿਹਾ ਹੈ। ਇਥੇ ਦੋ ਤਰ੍ਹਾਂ ਦੇ ਸਵਾਲ ਪੈਦਾ ਹੁੰਦੇ ਹਨ। ਇਕ ਜਾਂ ਤਾਂ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਇਸ ਮਾਮਲੇ ਦਾ ਪਤਾ ਹੀ ਨਹੀਂ ਹੈ? ਦੂਜਾ ਜਾਂ ਪ੍ਰਸ਼ਾਸਨ ਅਧਿਕਾਰੀ ਇਸ ਮਾਮਲੇ ਵਿਚ ਮੋਟੀਆਂ ਰਕਮਾਂ ਵਸੂਲਦੇ ਹਨ। ਆਖ਼ਿਰ ਕੌਣ ਹੈ ਇਸ ਸਭ ਦੇ ਪਿੱਛੇ? ਪਿਛਲੇ ਦਿਨੀਂ ਹੋਈ ਘਟਨਾਕ੍ਰਮ ਵਿਚ ਫੜੇ ਗਏ ਕਈ ਪ੍ਰਸ਼ਾਸਨਿਕ ਅਧਿਕਾਰੀਆਂ ਨੇ ਪ੍ਰਸ਼ਾਸਨ ਤੇ ਘਟੀਆ ਕਾਰਗੁਜ਼ਾਰੀ ਦੇ ਸਵਾਲ ਖੜ੍ਹੇ ਕੀਤੇ ਹਨ। ਇਕ ਮੁਹਾਵਰੇ ਅਨੁਸਾਰ ਕਿ 'ਘਰ ਦਾ ਭੇਤੀ ਲੰਕਾ ਢਾਏ'। ਅੱਜ ਭਾਰਤ ਦੇਸ਼ ਵਿਚ ਬਹੁਤ ਸਾਰੇ ਘਰ ਦੇ ਭੇਤੀ ਉੱਚ ਪਦਵੀਆਂ 'ਤੇ ਬੈਠੇ ਹਨ ਜੋ ਸਮੇਂ ਅਨੁਸਾਰ ਅੱਤਵਾਦੀਆਂ ਨੂੰ ਸ਼ਹਿ ਦਿੰਦੇ ਰਹਿੰਦੇ ਹਨ। ਇਹ ਸਭ ਸਮੱਸਿਆਵਾਂ ਦੀ ਜੜ੍ਹ ਤਕ ਸਾਡੀਆਂ ਖ਼ੁਫ਼ੀਆ ਏਜੰਸੀਆਂ ਪਹੁੰਚ ਨਹੀਂ ਸਕੀਆਂ ਤਾਂ ਕਿਉਂ? ਪਹੁੰਚਣ ਵੀ ਕਿਵੇਂ? ਅੱਜ ਸਮਾਂ ਇਸ ਤਰ੍ਹਾਂ ਦਾ ਹੈ ਕਿ ਭ੍ਰਿਸ਼ਟ ਤੋਂ ਭ੍ਰਿਸ਼ਟ ਵਿਅਕਤੀ ਵੀ ਰਾਜਨੀਤੀ ਵਿਚ ਸ਼ਾਮਲ ਹਨ। ਇਕ ਉੱਚ ਲੈਵਲ ਦੇ ਅਧਿਕਾਰੀਆਂ ਨਾਲ ਗੱਲ ਕਰਨ 'ਤੇ ਪਤਾ ਲੱਗਿਆ ਜਦੋਂ ਉਨ੍ਹਾਂ ਕਿਹਾ ਕਿ ਸਾਡੇ ਫੀਤੀਆਂ ਤਾਂ ਜ਼ਰੂਰ ਲੱਗੀਆਂ ਹਨ ਪਰੰਤੂ ਅਸੀਂ ਰਾਜਨੀਤਕ ਲੋਕਾਂ ਦੀਆਂ ਕਠਪੁਤਲੀਆਂ ਬਣ ਕੇ ਰਹਿ ਗਏ ਹਾਂ। ਜੋ ਰਾਜਨੀਤਕ ਲੋਕ ਸਾਨੂੰ ਆਦੇਸ਼ ਦਿੰਦੇ ਹਨ ਉਹੀ ਸਭ ਸਾਨੂੰ ਕਰਨਾ ਪੈਂਦਾ ਹੈ। ਹੁਣ ਸੋਚਣ ਵਾਲੀ ਗੱਲ ਹੈ ਕਿ ਉੱਚ ਲੈਵਲ ਦੇ ਅਧਿਕਾਰੀ ਇਹ ਗੱਲ ਕਹਿ ਰਹੇ ਹਨ ਤਾਂ ਇਸ ਦਾ ਮਤਲਬ ਕੀ ਸਾਡੇ ਦੇਸ਼ ਦੀ ਰਾਜਨੀਤੀ ਗ਼ਲਤ ਹੈ? ਇਸਨੂੰ ਕੌਣ ਠੀਕ ਕਰੇਗਾ? ਜੇਕਰ ਵਾੜ ਹੀ ਖੇਤ ਨੂੰ ਖਾਣ ਲੱਗ ਗਈ ਤਾਂ ਫੇਰ ਉਸ ਖੇਤ ਦਾ ਰਾਖਾ ਰੱਬ ਹੀ ਹੋਵੇਗਾ। ਕੀ ਸਾਡੇ ਸਵਾ ਸੌ ਕਰੋੜ ਲੋਕਾਂ ਦੀ ਆਬਾਦੀ ਦਾ ਭਾਰਤ, ਕੀ ਇਸ ਦਾ ਰਾਖਾ ਰੱਬ ਹੀ ਹੈ? ਤਾਂ ਫਿਰ ਸੁਰੱਖਿਆ ਏਜੰਸੀਆਂ 'ਤੇ ਅਰਬਾਂ-ਖ਼ਰਬਾਂ ਰੁਪਏ ਖ਼ਰਚਣ ਦੀ ਕੀ ਲੋੜ ਹੈ? ਇਕ ਗੱਲ ਹੋਰ ਸਾਹਮਣੇ ਆਉਂਦੀ ਹੈ ਕਿ ਜਦੋਂ ਵੀ ਕੋਈ ਅਫ਼ਸਰ ਲੱਗਦਾ ਹੈ ਤਾਂ ਉਸ ਦੀ ਸੋਚ ਕਿਸੇ ਨਾ ਕਿਸੇ ਸੰਪਰਦਾਇਕਤਾ ਨਾਲ ਜੁੜੀ ਰਹਿੰਦੀ ਹੈ ਚਾਹੇ ਉਹ ਕਿਸੇ ਵੀ ਧਰਮ ਨਾਲ ਸਬੰਧ ਰੱਖਦਾ ਹੈ। ਪਰ ਜਦੋਂ ਤਕ ਉਹ ਧਰਮ ਪ੍ਰਥਾ ਤੋਂ ਉੱਪਰ ਉੱਠ ਕੇ ਦੇਸ਼ ਦੀ ਰਾਸ਼ਟਰੀਅਤਾ ਦੀ ਰਾਖੀ ਲਈ ਜਾਨ ਵਾਰਨ ਦੀ ਗੱਲ ਆਪਣੇ ਮਨ ਵਿਚ ਨਹੀਂ ਵਸਾ ਲੈਂਦਾ ਉਦੋਂ ਤਕ ਇਹ ਅੱਤਵਾਦੀ ਹਮਲੇ ਸਾਡੇ ਦੇਸ਼ ਲਈ ਨਹੀਂ ਬਲਕਿ ਪੂਰੇ ਵਿਸ਼ਵ ਲਈ ਖ਼ਤਰਨਾਕ ਬਣੇ ਰਹਿਣਗੇ। ਅੱਜ ਸਮੇਂ ਦੀ ਲੋੜ ਹੈ ਕਿ ਦੇਸ਼, ਸਮਾਜ ਸੁਧਾਰਨ ਲਈ ਕੇਵਲ ਤੇ ਕੇਵਲ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਸੰਭਾਲ ਲਿਆ ਜਾਵੇ। ਸਾਡੀ ਪ੍ਰਾਇਮਰੀ ਸਿੱਖਿਆ ਪ੍ਰਣਾਲੀ ਵਿਚ ਦੇਸ਼ ਭਗਤੀ ਦਾ ਪਾਠ ਅੱਜ ਤੋਂ ਪੜ੍ਹਾਉਣ ਦੀ ਬਹੁਤ ਸਖ਼ਤ ਜ਼ਰੂਰਤ ਹੈ।

ਅੱਜ ਜੰਮਦੇ ਬੱਚੇ ਨੂੰ ਧਾਰਮਿਕ ਸ਼ਬਦਾਂ ਦਾ ਤਾਂ ਪਤਾ ਹੁੰਦਾ ਹੈ ਪਰ ਜੇਕਰ ਉਸ ਨੂੰ ਰਾਸ਼ਟਰ ਧਰਮ ਬਾਰੇ ਪੁੱਛਿਆ ਜਾਵੇ ਤਾਂ ਉਸਨੂੰ ਕੁਝ ਪਤਾ ਨਹੀਂ ਹੁੰਦਾ। ਅਸੀਂ ਮਾਨਯੋਗ ਅਦਾਲਤਾਂ, ਹਾਈਕੋਰਟ, ਸੁਪਰੀਮ ਕੋਰਟ ਅਤੇ ਕੇਂਦਰ ਸਰਕਾਰ ਤੋਂ ਮੰਗ ਕਰਦੇ ਹਾਂ ਕਿ ਕਿਸੇ ਹੋਰ ਦੇਸ਼ 'ਤੇ ਦੋਸ਼ ਲਗਾਉਣ ਤੋਂ ਪਹਿਲਾਂ ਘਰ ਦੇ ਭੇਤੀਆਂ ਨੂੰ ਲੱਭਿਆ ਜਾਵੇ ਤਾਂ ਕਿ ਇਕੱਲੇ ਭਾਰਤ ਨੂੰ ਹੀ ਨਹੀਂ ਪੂਰੇ ਵਿਸ਼ਵ ਨੂੰ ਇਨ੍ਹਾਂ ਅੱਤਵਾਦੀ ਹਮਲਿਆਂ ਤੋਂ ਬਚਾਇਆ ਜਾ ਸਕੇ।

*—ਵਿਸ਼ਨੂੰ ਦੇਵ*

*(ਧੰਨਵਾਦ ਸਤਿਆਗ੍ਰਹਿ)*

# ਪੰਜਾਬ ਪੁਲਿਸ ਮਹਿਲਾ ਮਿੱਤਰਾਂ ਲਈ ਕਮਿਸ਼ਨਰੇਟ ਪੁਲਿਸ ਵਲੋਂ ਜਾਗਰੂਕਤਾ ਸੈਮੀਨਾਰ

ਜਲੰਧਰ -ਪੰਜਾਬ ਸਰਕਾਰ ਵਲੋਂ ਮਹਿਲਾਵਾਂ, ਬਜ਼ੁਰਗਾਂ ਅਤੇ ਬੱਚਿਆਂ ਦੇ ਹਿੱਤਾਂ ਦੀ ਰਾਖੀ ਲਈ ਹਰ ਪੁਲਿਸ ਥਾਣੇ ਵਿੱਚ ਤਾਇਨਾਤ ਕੀਤੇ ਗਏ ਪੁਲਿਸ ਮਹਿਲਾ ਮਿੱਤਰ ਸੌਂਪੀ ਗਈ ਜਿੰਮੇਵਾਰੀ ਨੂੰ ਸਹੀ ਢੰਗ ਨਾਲ ਨਿਭਾ ਸਕਣ ਨੂੰ ਯਕੀਨੀ ਬਣਾਉਣ ਲਈ ਪੁਲਿਸ ਕਮਿਸ਼ਨਰ ਜਲੰਧਰ ਸ੍ਰੀ ਗੁਰਪ੍ਰੀਤ ਸਿੰਘ ਭੁੱਲਰ ਦੀਆਂ ਹਦਾਇਤਾਂ 'ਤੇ ਪੁਲਿਸ ਲਾਈਨ ਵਿਖੇ ਮਹਿਲਾਵਾਂ, ਬੁਜ਼ੁਰਗਾਂ ਅਤੇ ਬੱਚਿਆਂ ਨਾਲ ਸਬੰਧਿਤ ਵੱਖ-ਵੱਖ ਕਾਨੂੰਨਾਂ ਬਾਰੇ ਜਾਣਕਾਰੀ ਮੁਹੱਈਆ ਕਰਵਾਉਣ ਲਈ ਸੈਮੀਨਾਰ ਕਰਵਾਇਆ ਗਿਆ।

ਇਸ ਮੌਕੇ ਲੀਗਲ-ਕਮ-ਪ੍ਰੋਬੇਸ਼ਨ ਅਫਸਰ ਸੰਦੀਪ ਕੁਮਾਰ ਵਲੋਂ ਪੰਜਾਬ ਪੁਲਿਸ ਮਹਿਲਾ ਮਿੱਤਰਾਂ ਨੂੰ ਜੁਵੇਨਾਈਲ ਜਸਟਿਸ(ਬਾਲ ਸੰਭਾਲ ਅਤੇ ਸੁਰੱਖਿਆ) ਐਕਟ 2015, ਬੱਚਿਆਂ ਨੂੰ ਜਿਣਸੀ ਸੋਸ਼ਣ ਤੋਂ ਬਚਾਉਣ ਲਈ ਐਕਟ 2012 ਬਾਰੇ ਵਿਸਥਾਰ ਨਾਲ ਜਾਣਕਾਰੀ ਮੁਹੱਈਆ ਕਰਵਾਈ ਗਈ।

# .ਗ਼ਦਰੀ ਬਾਬਾ ਸੋਹਣ ਸਿੰਘ ਭਕਨਾ ਦੀ ਦੇਸ਼ ਭਗਤੀ ਦੀ ਇਕ ਮਹਾਨ ਕਹਾਣੀ

**—ਚਰੰਜੀ ਲਾਲ ਕੰਗਣੀਵਾਲ**

*ਸ਼ਮਾਂ ਕੌਮ ਤੋਂ ਦੇਖ ਜਿੰਦ ਵਾਰਨੇ ਦਾ, ਖਿੱਚੀ ਲੀਕ ਤੂੰ ਵਿਚ ਮੈਦਾਨ ਬਾਬਾ*
*ਆਪ ਲੰਘ ਕੇ ਪਾਰ ਵੰਗਾਰਿਆ ਸੀ, ਵਾਰੋ ਸੀਸ ਕੋਈ ਮਰਦ ਮੈਦਾਨ ਬਾਬਾ*
*ਨਿਧਾਨ ਸਿੰਘ, ਕਰਤਾਰ ਤੇ ਸਿੰਘ ਊਧਮ, ਮਾਰੀ ਛਾਲ ਸੰਤੋਖ ਜਵਾਨ ਬਾਬਾ*
*ਜੁਆਲਾ ਸਿੰਘ ਸਾਥੀਆਂ ਕਿਹਾ ਵਧਕੇ, ਜਿਵੇਂ ਕਵੇਂ ਤੂੰ ਵਾਰੀਏ ਜਾਨ ਬਾਬਾ*

ਦੇਸ਼ ਨੂੰ ਆਜ਼ਾਦ ਦੇਖਣ ਲਈ ਗ਼ਦਰ ਪਰਟੀ ਦੇ ਪ੍ਰਧਾਨ ਬਾਬਾ ਸੋਹਣ ਸਿਘ ਭਗਨਾ ਨੇ ਆਪਣਾ ਸਭ ਕੁਝ ਨਿਛਾਵਰ ਕਰ ਦਿੱਤਾ ਅਤੇ ਜੀਵਨ ਦੇ 20 ਸਾਲ ਤੋਂ ਵੱਧ ਅੰਡੇਮਾਨ ਤੇ ਦੇਸ਼ ਦੀਆਂ ਜੇਲ੍ਹਾਂ ਦੀਆਂ ਕਾਲ ਕੋਠੜੀਆਂ ਵਿਚ ਗੁਜ਼ਾਰੇ। ਭਰ ਜਵਾਨੀ ਵਿਚ ਜੇਲ੍ਹ ਜਾਣ ਵਾਲਾ ਮਹਾਨ ਸਪੂਤ ਸਫ਼ੈਦ ਦਾੜ੍ਹੀ ਲੈ ਕੇ ਬਾਹਰ ਆਇਆ ਅਤੇ ਬੁਢਾਪੇ ਵਿਚ ਵੀ ਅੰਗਰੇਜ਼ਾਂ ਅਤੇ ਫਿਰ ਦੇਸੀ ਹਾਕਮਾਂ ਨਾਲ ਲੋਹਾ ਲੈਂਦਾ ਰਿਹਾ। ਜੇਲ੍ਹਾਂ ਵਿਚ ਆਉਣ ਜਾਣ ਨੇ ਆਪਣਾ ਘਰ, ਜਾਇਦਾਦ ਦੇਸ਼ ਪਿਆਰ ਤੋਂ ਨਿਛਾਵਰ ਹੀ ਨਹੀਂ ਕੀਤਾ ਸਗੋਂ ਜੇਲ੍ਹ ਦੀਆਂ ਕਾਲ-ਕੋਠੜੀਆਂ 'ਚ ਬੰਦ ਉਹ ਆਪਣੀਆਂ ਮਾਤਾਵਾਂ ਦੇ ਆਖਰੀ ਦਰਸ਼ਨ ਵੀ ਨਾ ਕਰ ਸਕਿਆ।

ਬਾਬਾ ਸੋਹਣ ਸਿੰਘ ਭਕਨਾ ਦਾ ਜਨਮ 4 ਜਨਵਰੀ 1870 ਨੂੰ ਉਨ੍ਹਾਂ ਦੇ ਨਾਨਕੇ ਪਿੰਡ ਖਤਰਾ ਕਲਾਂ (ਅੰਮ੍ਰਿਤਸਰ) ਵਿਚ ਹੋਇਆ। ਉਨ੍ਹਾਂ ਦੇ ਪਿਤਾ ਕਰਮ ਸਿੰਘ ਇਕ ਵੱਡੇ ਜ਼ਿੰਮੀਦਾਰ ਸਨ। ਇਨ੍ਹਾਂ ਦੀ ਮੌਤ ਛੇਤੀ ਹੋ ਗਈ ਜਦੋਂ ਸੋਹਣ ਸਿੰਘ ਅਜੇ ਇਕ ਸਾਲ ਦੇ ਹੀ ਸਨ। ਬਾਬਾ ਜੀ ਦੀਆਂ ਦੋ ਮਾਤਾਵਾਂ ਸਨ, ਪਹਿਲੀ ਧਰਮ ਮਾਤਾ ਅਤੇ ਦੂਜੀ ਜਿਸਦੇ ਪੇਟੋਂ ਜਨਮ ਲਿਆ। ਇਨ੍ਹਾਂ ਦੀ ਪੜ੍ਹਾਈ ਗੁਰਦੁਆਰੇ ਵਿਚ ਸ਼ੁਰੂ ਕਰਾਈ ਗਈ। ਪਿਛੋਂ ਪ੍ਰਇਮਰੀ ਸਕੂਲ ਖੁਲਿਆ ਤਾਂ ਗਿਆਰਾਂ ਸਾਲ ਦੇ ਸੋਹਣ ਸਿੰਘ ਨੂੰ ਦਾਖਲ ਕਰਾਇਆ ਗਿਆ। ਦੋ ਮਾਵਾਂ ਦੇ ਲਾਡ-ਪਿਆਰ ਨੇ ਸੋਹਣ ਸਿੰਘ ਨੂੰ ਵਿਗਾੜ ਦਿੱਤਾ ਤੇ ਉਹ ਬੁਰੀ ਸੰਗਤ ਵਿਚ ਪੈ ਗਿਆ। ਇਸ ਬਾਰੇ ਭਕਨਾ ਜੀ ਖੁਦ ਲਿਖਦੇ ਹਨ, "ਇਸ ਤਰ੍ਹਾਂ ਮੇਰੇ ਕੀਮਤੀ ਦਸ ਸਾਲ ਤੇ ਨਾਲੇ ਧੰਨ ਦੌਲਤ ਬਰਬਾਦ ਹੋਏ ਤੇ ਮੇਰੀ ਉਮਰ ਦੇ ਛੱਬੀਵੇਂ ਸਾਲ ਦੇ ਸ਼ੁਰੂ ਵਿਚ ਮੇਰੇ ਜੀਵਨ ਵਿਚ ਨਵਾਂ ਪਲਟਾ ਆਇਆ।" ਇਸ ਪਲਟੇ ਨੂੰ ਲਿਆਉਣ ਵਾਲੇ ਸਨ ਨਾਮਧਾਰੀ ਬਾਬਾ ਕੇਸਰ ਸਿੰਘ ਜਿਹੜੇ ਮੁਹਾਵੇ ਰਹਿੰਦੇ ਸਨ। ਉਨ੍ਹਾਂ ਦੀ ਸੰਗਤ ਅਤੇ ਸਿੱਖਿਆ ਨਾਲ ਸੋਹਣ ਸਿੰਘ ਭਕਨਾ ਦੇ ਜੀਵਨ ਵਿਚ ਨਵਾਂ ਮੋੜ ਆ ਗਿਆ। ਉਸ ਨੇ ਮਾੜੇ ਸਮੇਂ ਦਾ ਪਛਤਾਵਾ ਕਰਦਿਆਂ ਮੁੜ ਪੈਰਾਂ 'ਤੇ ਆਉਣ ਲਈ 3 ਫਰਵਰੀ 1909 ਨੂੰ ਘਰੋਂ ਤੁਰੇ ਅਤੇ 4 ਅਪ੍ਰੈਲ 1909 ਨੂੰ ਸਿਆਟਲ ਦੀ ਬੰਦਰਗਾਹ ਉੱਤੇ ਪੁੱਜੇ। ਬਾਬੂ ਹਰਨਾਮ ਸਿੰਘ ਕਾਹਰੀ ਸਾਹਰੀ ਨੇ ਉਨ੍ਹਾਂ ਨੂੰ ਕੰਮ ਲੱਭਣ ਵਿਚ ਮਦਦ ਕੀਤੀ।

ਅਮਰੀਕਨ ਆਜ਼ਾਦੀ ਦਾ 4 ਜੁਲਾਈ 1776 ਦਾ ਐਲਾਨ ਕਿ, "ਸਾਰੇ ਆਦਮੀ ਬਰਾਬਰ ਕੀਤੇ ਗਏ ਹਨ ਅਤੇ ਹਰ ਇਕ ਨੂੰ ਜ਼ਿੰਦਗੀ, ਆਜ਼ਾਦੀ ਅਤੇ ਖ਼ੁਸ਼ੀ ਮਾਨਣ ਦਾ ਪੂਰਾ ਪੈਦਾਇਸ਼ੀ ਹੱਕ ਹੈ।" ਐਲਾਨ ਹੀ ਨਹੀਂ ਸੀ, ਇਹ ਅਮਰੀਕਨ ਸਪਿਰਿਟ ਦਾ ਚਿੰਨ੍ਹ ਸੀ। ਅਬਰਾਹਮ ਲਿੰਕਨ ਦੀ ਅਗਵਾਈ ਹੇਠ, ਹਬਸ਼ੀ ਗੁਲਾਮਾਂ ਨੂੰ ਆਜ਼ਾਦ ਕਰਵਾਉਣ ਹਿੱਤ, ਉੱਤਰੀ ਅਮਰੀਕਾ ਦੇ ਹਿੱਸੇ ਨੇ ਲੜਾਈ ਲੜ ਕੇ ਹਬਸ਼ੀ ਗੁਲਾਮਾਂ ਨੂੰ ਗੋਰਿਆਂ ਦੇ ਬਰਾਬਰ ਜ਼ੋਰ ਨਾਲ ਰਾਜਸੀ ਅਧਿਕਾਰ ਦੁਆਏ ਸਨ। ਅਮਰੀਕਾ ਦੇ ਇਸ ਸਭਿਆਚਾਰ ਦਾ ਹਿੰਦੀ ਕਾਮਿਆਂ 'ਤੇ ਗਹਿਰਾ ਅਸਰ ਹੋਇਆ। ਅਮਰੀਕਾ ਦੀ ਰਿਆਸਤ ਔਰੇਗਾਨ ਦੇ ਸ਼ਹਿਰ ਆਸਟੋਰੀਆ ਵਿਚ ਹਿੰਦੀਆਂ ਵੱਲੋਂ 1912 ਦੇ ਅਖੀਰ 'ਚ 'ਹਿੰਦੋਸਤਾਨੀ ਐਸੋਸੀਏਸ਼ਨ' ਬਣਾਈ ਗਈ। ਇਸ ਵਿਚ ਇਹ ਫੈਸਲਾ ਵੀ ਕੀਤਾ ਗਿਆ ਕਿ ਦੇਸ਼ ਵਿਚੋਂ ਅਖ਼ਬਾਰ ਮੰਗਾਉਣੇ, ਵਿੱਦਿਆ ਦਿਵਾਉਣ ਲਈ ਦੇਸ਼ ਤੋਂ ਨੌਜਵਾਨ ਮੰਗਵਾਉਣੇ ਇਸ ਉਦੇਸ਼ ਲਈ ਕੇ ਉਹ ਦੇਸ਼ ਵਿਚ ਕੌਮੀ ਸੇਵਾ ਲਈ ਆਪਣਾ ਆਪ ਅਰਪਨ ਕਰਨ।

ਲਾਲਾ ਹਰਦਿਆਲ ਔਰੇਗਾਨ ਸੂਬੇ ਵਿਚ ਪੁੱਜਿਆਂ ਤਾਂ ਉਹ ਨੂੰ ਸੈਂਟਜਾਨ ਸੱਦਿਆ ਗਿਆ। ਹਫ਼ਤਾ ਭਰ ਉਹ ਹਿੰਦੀਆਂ ਦੇ ਵੱਖ-ਵੱਖ ਡੇਰਿਆਂ 'ਤੇ ਹੋਈਆਂ ਮੀਟਿੰਗਾਂ ਵਿਚ ਸ਼ਾਮਲ ਹੋਇਆ। ਇਨ੍ਹਾਂ ਮੀਟਿੰਗਾਂ ਤੋਂ ਪਿਛੋਂ ਆਸਟੋਰੀਆ ਵਿਚ ਹੋਈ ਮੀਟਿੰਗ ਵਿਚ ਕੇਂਦਰੀ ਜੱਥੇਬੰਦੀ ਦਾ ਗਠਨ ਕੀਤਾ ਗਿਆ। ਹਿੰਦੀ ਐਸੋਸੀਏਸ਼ਨ ਆਫ਼ ਪੈਸੇਫ਼ਿਕ ਕੋਸਟ ਨਾਂ ਦੀ ਇਸ ਜਥੇਬੰਦੀ ਦੇ ਪ੍ਰਧਾਨ ਭਾਈ ਸੋਹਣ ਸਿੰਘ ਭਕਨਾ, ਸਕੱਤਰ ਲਾਲਾ ਹਰਦਿਆਲ, ਖਜ਼ਾਨਚੀ ਸ੍ਰੀ ਕਾਂਸ਼ੀ ਰਾਮ ਮੜੌਲੀ ਬਣਾਏ ਗਏ। 'ਗ਼ਦਰ' ਅਖ਼ਬਾਰ ਗਹਿਰੇ ਅਸਰ ਤੋਂ ਹੀ 'ਗ਼ਦਰ ਪਾਰਟੀ' ਨਾਂ ਪ੍ਰਚਲਤ ਹੋ ਗਿਆ ਸੀ।

ਇਸ ਸਮੇਂ ਕਨੇਡਾ ਸਰਕਾਰ ਦੇ ਕਾਨੂੰਨ ਅਨੁਸਾਰ ਵੱਸਦੇ ਹਿੰਦੀਆਂ ਦੀ ਸਹਾਇਤਾ ਨਾਲ ਪੰਜਾਬੀ ਕਾਮਿਆਂ ਨੂੰ ਕਨੇਡਾ ਵਿਚ ਲਿਆਉਣ ਲਈ ਕਾਮਾਗਾਟਾ ਮਾਰੂ ਜਹਾਜ਼ ਬਾਬਾ ਗੁਰਦਿੱਤ ਸਿੰਘ ਸਰਹਾਲੀ ਦੀ ਕੋਸ਼ਿਸ਼ ਅਤੇ ਭਾਈ ਬਲਵੰਤ ਸਿੰਘ ਖੁਰਦਪੁਰੀ ਦੀ ਸਲਾਹ ਨਾਲ ਕਿਰਾਏ 'ਤੇ ਲਿਆ ਗਿਆ। ਜਿਸਨੇ ਅੰਗਰੇਜ਼ੀ ਸਾਮਰਾਜ ਦੀ ਕਨੇਡੀਅਨ ਹਕੂਮਤ ਵਿਰੁੱਧ ਹਿੰਦੋਸਤਾਨ ਦੀ ਆਜ਼ਾਦੀ ਦੀ ਲੜਾਈ ਦਾ ਮੁੱਢ ਬੰਨਿਆ। 23 ਜੁਲਾਈ 1914 ਨੂੰ "ਕਾਮਾਗਾਟਾ ਮਾਰੂ" ਨੂੰ ਮੁਸ਼ਕਲਾਂ ਵਿਚ ਪਾ ਕੇ ਜ਼ਬਰਦਸਤੀ ਹਿੰਦੋਸਤਾਨ ਨੂੰ ਮੋੜ ਦਿੱਤਾ ਗਿਆ। ਜਦੋਂ ਇਹ ਸਮੁੰਦਰ ਵਿਚ ਰੋਕੀ ਰੱਖਿਆ ਸੀ ਤਾਂ ਕਨੇਡਾ-ਅਮਰੀਕਾ ਵਿਚ ਹਿੰਦੀਆਂ ਨੂੰ ਮੁਸਾਫ਼ਰਾਂ ਦੀ ਸਹਾਇਤਾ ਲਈ ਅਪੀਲ ਕੀਤੀ ਗਈ। ਜੂਨ-ਜੁਲਾਈ ਦੇ ਮਹੀਨੇ ਮੀਟਿੰਗਾਂ ਦਾ ਤਾਂਤਾ ਬੰਨ੍ਹ ਦਿੱਤਾ ਗਿਆ ਜਿਵੇਂ ਸਟਾਕਟਨ, ਫਰੈਜ਼ਨੋ, ਔਕਸਨਾਰਡ, ਵੀਆਨਾ, ਆਸਟਰੀਆ, ਸੀਆਟਲ, ਪੋਰਟਲੈਂਡ ਤੇ ਐਬਰਡੀਨ ਆਦਿ ਥਾਵਾਂ 'ਤੇ ਕੀਤੀਆਂ ਮੀਟਿੰਗਾਂ ਵਿਚ ਭਾਈ ਸੋਹਣ ਸਿੰਘ, ਭਾਈ ਭਗਵਾਨ ਸਿੰਘ ਤੇ ਮੌਲਵੀ ਬਰਕਤ ਉੱਲਾ ਬੋਲਦੇ ਸਨ, ਜਿਹੜੇ ਪਾਰਟੀ ਦੀ ਮਜ਼ਬੂਤੀ ਲਈ ਸਰਗਰਮ ਸਨ।

'ਗ਼ਦਰ' ਅਖ਼ਬਾਰ ਨੇ ਲਿਖਿਆ ਕਿ, "ਅਮਰੀਕਾ 'ਚ ਕਾਮਾਗਾਟਾ ਮਾਰੂ ਜਹਾਜ਼ ਦੀ ਘਟਨਾ 'ਤੇ ਵਿਚਾਰ ਕੀਤੀ ਗਈ ਕਿ ਜਿਨ੍ਹਾਂ ਮੁਸਾਫ਼ਰਾਂ ਨੇ ਅੰਗਰੇਜ਼ਾਂ ਦਾ ਵਿਰੋਧ ਕੀਤਾ ਹੈ, ਭਾਰਤ ਪੁੱਜਣ 'ਤੇ ਅੰਗਰੇਜ਼ ਉਨ੍ਹਾਂ ਨੂੰ ਫੜਕੇ ਗੋਲੀਆਂ ਮਾਰਨਗੇ, ਜੇਲ੍ਹਾਂ ਵਿਚ ਸੁੱਟਣਗੇ। ਇਸ ਚਿੰਤਾ 'ਚ ਗਿਆਨੀ ਭਗਵਾਨ ਸਿੰਘ ਨੇ ਮਾਰਕਸ ਸਟਰੀਟ ਵਿਚ 464 ਨੰਬਰ ਸਟੋਰ ਵਿਚੋਂ 275 ਪਿਸਤੌਲ, 5 ਸੌ ਗੋਲੀਆਂ ਖਰੀਦ ਕੇ ਪ੍ਰੈੱਸ ਵਿਚ ਲੈ ਆਂਦੇ। ਕਰਤਾਰ ਸਿੰਘ ਸਰਾਭਾ ਨੇ ਇਹ ਪੇਟੀਆਂ ਜਹਾਜ਼ ਵਿਚ ਲੱਦ ਕੇ ਬਾਬਾ ਸੋਹਣ ਸਿੰਘ ਭਕਨਾ ਦੀ ਨਿਗਰਾਨੀ ਹੇਠ ਸਾਰੇ ਹਥਿਆ ਜਾਪਾਨ ਪਹੁੰਚਾਏ ਤੇ ਜਾਪਾਨ ਵਿਚ ਕਾਮਾਗਾਟਾ ਮਾਰੂ ਵਿਚ ਬਾਬਾ ਗੁਰਦਿੱਤ ਸਿੰਘ ਦੀ ਰਾਹੀਂ ਸਾਰਿਆਂ ਨੂੰ ਵੰਡੇ ਗਏ ਸਨ। ਜਦੋਂ ਕਾਮਾਗਾਟਾ ਮਾਰੂ ਜਹਾਜ਼ ਬਜਬਜ ਘਾਟ 'ਤੇ ਲੱਗਿਆ ਤਾਂ ਜਿਹੜੀ ਗੋਲੀ ਮੁਸਾਫ਼ਰਾਂ ਵਲੋਂ ਚੱਲੀ, ਉਨਾਂ ਹਥਿਆਰਾਂ ਦਾ ਨਤੀਜਾ ਸੀ। ਇਸ ਸਬੰਧੀ ਸੋਹਣ ਸਿੰਘ ਭਕਨਾ ਨੇ ਖੁਦ ਇਨ੍ਹਾਂ ਹਥਿਆਰਾਂ ਬਾਰੇ ਦੱਸਿਆ, "ਗ਼ਦਰ ਪਾਰਟੀ ਦੇ ਜ਼ੁੰਮੇਵਾਰਾਂ ਨੇ ਫੈਸਲਾ ਕੀਤਾ ਕਿ ਇਕ ਪਾਰਟੀ ਦਾ ਜ਼ਿੰਮੇਵਾਰ ਕਾਮਾਗਾਟਾ ਮਾਰੂ ਦੇ ਨਾਲ ਨਾਲ ਜਾਏ ਤੇ ਯੋਕੋਹੋਮਾ (ਜਾਪਾਨ) ਵਿਚ ਜਾ ਕੇ ਜਹਾਜ਼ ਦੇ ਮੁਸਾਫ਼ਰਾਂ ਨੂੰ ਮਿਲਕੇ ਉਨ੍ਹਾਂ ਨੂੰ ਇਨਕਲਾਬ ਲਈ ਸਮਝਾਉ। ਬਾਬਾ ਜੀ ਦੇ ਬੁੱਕ ਕਰਵਾਏ ਕਮਰੇ ਵਿਚ ਜਹਾਜ਼ ਚੱਲਣ ਤੋਂ ਘੰਟਾ ਪਹਿਲਾਂ 200 ਪਿਸਤੌਲ ਤੇ ਦੋ ਹਜ਼ਾਰ ਗੋਲੀਆਂ ਵਾਲੀਆਂ ਦੋ ਪੇਟੀਆਂ ਕਰਤਾਰ ਸਿੰਘ ਸਰਾਭਾ ਨੇ ਰੱਖ ਦਿੱਤੀਆਂ ਸਨ।" ਬਾਬਾ ਭਕਨਾ ਦੇ ਜਾਣ ਪਿਛੋਂ ਗਿਆਨੀ ਭਗਵਾਨ ਸਿੰਘ ਪਾਰਟੀ ਦੇ ਪ੍ਰਧਾਨ ਬਣੇ।

ਪਹਿਲੀ ਸੰਸਾਰ ਜੰਗ ਲੱਗਣ ਸਮੇਂ ਗ਼ਦਰ ਪਾਰਟੀ ਦੇ ਪ੍ਰਧਾਨ ਸੋਹਣ ਸਿੰਘ ਭਕਨਾ ਦਾ ਪਹਿਲੋਂ ਹੀ ਹਿੰਦ ਨੂੰ ਰਵਾਨਾ ਹੋਣ ਦੇ ਮਕਸਦਾਂ ਵਿਚੋਂ ਇਕ ਇਹ ਸੀ ਕਿ ਦੇਸ਼ ਦੇ ਇਨਕਲਾਬੀਆਂ ਨਾਲ ਉਹ ਸਬੰਧ ਪੈਦਾ ਕਰਨ, ਪਰ ਉਹ ਰਸਤੇ ਵਿਚ ਹੀ ਸਨ ਕਿ ਜੰਗ ਸ਼ੁਰੂ ਹੋ ਗਈ। ਜਿਸ ਦਾ ਸਿੱਟਾ ਇਹ ਨਿਕਲਿਆ ਕਿ ਅਮਰੀਕਾ ਤੋਂ ਗ਼ਦਰੀਆਂ ਦੇ ਜੱਥੇ ਦੇਸ਼ ਨੂੰ ਆਉਣ ਲੱਗ ਪਏ, ਤਦ ਭਾਰਤ ਵਿਚਲੇ ਇਨਕਲਾਬੀ ਉਨ੍ਹਾਂ ਨਾਲ ਦਿਲ ਖੋਲ੍ਹ ਠੀਕ ਮੌਕੇ ਤਾਲਮੇਲ ਨਾ ਕਰ ਸਕੇ।

ਭਾਈ ਸੋਹਣ ਸਿੰਘ ਭਕਨਾ ਯੋਕੋਹਾਮਾ ਤੋਂ ਕੋਬੀ ਹੁੰਦੇ ਹੋਏ ਸੰਘਾਈ ਆਏ ਅਤੇ ਇਥੇ ਹੋਏ ਇਕ ਦੀਵਾਨ ਵਿਚ ਕਾਮਾਗਾਟਾ ਮਾਰੂ ਅਤੇ ਪਾਰਟੀ ਦੇ ਪ੍ਰੋਗਰਾਮਾਂ ਬਾਰੇ ਦੱਸਿਆ ਅਤੇ ਹਿੰਦੀਆਂ ਨੂੰ ਭਾਰਤ ਜਾਣ ਦੀ ਅਪੀਲ ਕੀਤੀ। ਇਥੋਂ ਹੀ ਉਨ੍ਹਾਂ ਨਾਲ ਉਨ੍ਹਾਂ ਦੇ ਪਿੰਡ ਦਾ ਗੁਜ਼ਰ ਸਿੰਘ ਭਕਨਾ ਦੇਸ਼ ਜਾਣ ਲਈ ਤਿਆਰ ਹੋ ਗਿਆ। ਭਕਨਾ ਜੀ ਜਿਹੜੇ 50 ਪਿਸਤੌਲ ਆਪਣੇ ਨਾਲ ਲਿਆਏ, ਉਨ੍ਹਾਂ ਵਿਚੋਂ 30 ਸੰਘਾਈ ਵਾਲੇ ਹਿੰਦੀਆਂ ਨੇ ਲੈ ਲਏ। ਹਾਂਗਕਾਂਗ ਆਏ ਤਾਂ ਬਾਬਾ ਭਕਨਾ ਨੂੰ ਇਥੇ ਹੀਰਾ ਸਿੰਘ ਚਰੜ ਤੇ ਡਾਕਟਰ ਮਥਰਾ ਸਿੰਘ ਮਿਲੇ। ਪ੍ਰਧਾਨ ਬਾਬਾ ਭਕਨਾ ਦੇ ਜਹਾਜ਼ 'ਨਾਮਸੰਗ' ਦੇ ਪਿਛੇ ਹੀ ਸਾਨਫਰਾਂਸਿਸਕੋ ਤੋਂ 60 ਗ਼ਦਰੀ ਆਗੂਆਂ ਤੇ ਵਰਕਰਾਂ ਨੂੰ ਲੈ ਕੇ 'ਕੋਰੀਆ' ਜਹਾਜ਼ ਪਿਛੇ ਆ ਗਿਆ ਸੀ। ਯੋਕੋਹਾਮਾ ਤੋਂ ਭਾਈ ਪ੍ਰਮਾਨੰਦ ਝਾਂਸੀ (ਯੂ.ਪੀ.), ਜੋ ਅਮਰੀਕਾ ਪੜ੍ਹਨ ਲਈ ਜਾ ਰਿਹਾ ਸੀ, ਇਨ੍ਹਾਂ ਦੇ ਪ੍ਰਚਾਰ ਤੋਂ ਪ੍ਰਭਾਵਤ ਹੋ ਕੇ ਰਸਤੇ ਵਿਚੋਂ ਹੀ ਵਾਪਸ ਆ ਗਿਆ। ਜਿਸ ਨੇ ਗ਼ਦਰ ਪਾਰਟੀ ਵਿਚ ਬੜੀ ਮਹੱਤਵਪੂਰਨ ਭੂਮਿਕਾ ਨਿਭਾਈ ਸੀ।

ਬਾਬਾ ਭਕਨਾ ਵਾਲਾ ਜਹਾਜ਼ ਕਲਕੱਤਾ ਪੁੱਜਾ ਹੀ ਸੀ ਕਿ ਇਨ੍ਹਾਂ ਨੂੰ ਜਹਾਜ਼ ਉੱਤੋਂ ਉਤਰਦਿਆਂ ਨੂੰ ਫੜ ਕੇ ਕਲਕੱਤੇ ਦੀ ਕੋਤਵਾਲੀ ਤੇ ਉਥੋਂ ਲੁਧਿਆਣਾ ਪੁਚਾ ਦਿੱਤਾ। ਉਸ ਸਮੇਂ ਬਾਹਰੋਂ ਆਏ ਪੰਜਾਬੀਆਂ ਵਾਸਤੇ ਲੁਧਿਆਣਾ ਪੁੱਛਗਿੱਛ ਦਾ ਕੇਂਦਰ ਸੀ। ਭਕਨਾ ਜੀ ਨੂੰ ਉਥੋਂ ਮੁਲਤਾਨ ਜੇਲ੍ਹ ਵਿਚ ਭੇਜ ਦਿੱਤਾ ਗਿਆ। ਜਦੋਂ ਲੁਧਿਆਣਾ ਜੇਲ੍ਹ ਤੋਂ ਬਬਾ ਜੀ ਨੂੰ ਟਾਂਗੇ 'ਤੇ ਬਿਠਾ ਕੇ ਰੇਲਵੇ ਸਟੇਸ਼ਨ ਲਿਜਾਇਆ ਜਾ ਰਿਹਾ ਸੀ ਤਾਂ ਪਿਛੇ ਸਾਈਕਲ 'ਤੇ ਸਵਾਰ ਕਰਤਾਰ ਸਿੰਘ ਸਰਾਭਾ ਉਨ੍ਹਾਂ ਨੂੰ ਮਿਲਿਆ, ਪੁੱਛਣ 'ਤੇ ਬਬਾ ਜੀ ਨੇ ਸਰਾਭਾ ਨੂੰ ਦੱਸਿਆ ਕਿ ਉਹਦਾ ਚਲਾਨ ਮੁਲਤਾਨ ਜੇਲ੍ਹ ਵਿਚ ਹੋ ਗਿਆ ਹੈ।

ਪਹਿਲੇ ਜੰਗ ਦੇ ਸ਼ੁਰੂ ਹੋਣ ਤੇ ਜਿਥੇ-ਜਿਥੇ ਵੀ ਟਾਪੂਆਂ 'ਤੇ ਹਿੰਦੀ ਸਨ, ਇਸ ਨੂੰ ਨਾਦਰ ਮੌਕਾ ਸਮਝ ਕੇ ਉਨ੍ਹਾਂ ਗ਼ਦਰ ਲਈ ਕਮਰਕੱਸੇ ਕਰ ਲਏ। ਇਕ ਤਤਕਾਲੀ ਮੀਟਿੰਗ ਕੀਤੀ ਗਈ, ਜਿਸ



ਵਿਚ ਬਹਿਸ ਦਾ ਮੁੱਦਾ ਸੀ ਕਿ ਪਾਰਟੀ ਦੀ ਉਮਰ ਇਕ ਸਾਲ ਦੀ ਹੈ ਤੇ ਇਨ੍ਹਾਂ ਹਾਲਤਾਂ ਵਿਚ ਕੀ ਕਰਨਾ ਹੈ? ਨਫ਼ਾ ਨੁਕਸਾਨ ਸੋਚਣ ਪਿਛੋਂ ਫੈਸਲਾ ਲਿਆ ਕਿ ਇਸ ਮੌਕੇ ਨੂੰ ਪਾਰਟੀ ਜਾਇਆ ਨਾ ਕਰੇ, ਕੁਝ ਨਾ ਕਰਨ ਨਾਲੋਂ, ਕੁਝ ਕਰਕੇ ਅਸਫ਼ਲ ਰਹਿਣਾ ਚੰਗਾ ਹੈ। ਇਸ ਫੈਸਲੇ ਨੂੰ ਪਾਰਟੀ ਦੀ ਲਲਕਾਰ ਸਮਝ ਕੇ ਹਿੰਦੀਆਂ ਨੇ ਖ਼ੂਨ-ਪਸੀਨਾ ਇਕ ਕਰਕੇ ਬਣਾਈਆਂ ਜਾਇਦਾਦਾਂ ਨੂੰ ਲੱਤ ਮਾਰ ਕੇ ਸੀਸ ਤਲੀ 'ਤੇ ਰੱਖ ਹਜ਼ਾਰਾਂ ਦੀ ਗਿਣਤੀ 'ਚ ਭਾਰਤ ਨੂੰ ਚਾਲੇ ਪਾ ਦਿੱਤੇ। ਪਹਿਲਾ ਆਗੂਆਂ ਦਾ ਜਥਾ ਸਾਨਫਰਾਂਸਿਸਕੋ ਤੋਂ ਕੋਰੀਆ ਨਾਂ ਦੇ ਜਹਾਜ਼ ਰਾਹੀਂ ਉਹ ਕਲਕੱਤਾ ਪੁੱਜੇ। ਅੱਗੋਂ ਅੰਗਰੇਜ਼ੀ ਸਰਕਾਰ ਦੀ ਖੁਫੀਆ ਪੁਲਸ ਚੌਕਸ ਸੀ। ਜਹਾਜ਼ ਨੂੰ ਕਬਜ਼ੇ ਵਿਚ ਲੈ ਕੇ ਸਾਰੇ 173 ਆਗੂਆਂ ਨੂੰ ਗ੍ਰਿਫਤਾਰ ਕਰਕੇ ਪਹਿਲੋਂ ਲੁਧਿਆਣਾ ਵਿਚ ਪੁੱਛਗਿੱਛ ਕਰਕੇ ਲਾਹੌਰ ਲਿਆ ਕੇ ਵੱਖ-ਵੱਖ ਜੇਲ੍ਹਾਂ ਵਿਚ ਬੰਦ ਕੀਤਾ ਗਿਆ।

ਸਾਜ਼ਿਸ਼ੀ ਮੁਕੱਦਮੇ ਦੀ ਤਿਆਰੀ ਕਰਕੇ ਸਾਰੇ ਗ਼ਦਰੀਆਂ ਨੂੰ ਸੈਂਟਰਲ ਜੇਲ੍ਹ ਲਾਹੌਰ ਦੀ 16 ਨੰਬਰ ਬੈਰਕ ਵਿਚ ਇਕੱਠੇ ਕੀਤਾ ਗਿਆ। ਤਿੰਨ ਸਪੈਸ਼ਲ ਜੱਜਾਂ ਦੀ ਅਦਾਲਤ ਵਿਚ 24 ਅਪ੍ਰੈਲ 1915 ਨੂੰ ਮੁਕੱਦਮਾ ਸ਼ੁਰੂ ਹੋਇਆ। ਇਸ ਸਾਜ਼ਿਸ਼ੀ ਮੁਕੱਦਮੇ ਬਾਰੇ ਪੰਜਾਬ ਦੇ ਖੂੰਖਾਰ ਗਵਰਨਰ ਮਾਈਕਲ ਉਡਵਾਇਰ ਨੇ ਲਿਖਿਆ, "ਇਹ ਮੁਕੱਦਮਾ ਇਸ ਸਾਲ ਦਾ ਸਭ ਤੋਂ ਵੱਡਾ ਫੌਜਦਾਰੀ ਮੁਕੱਦਮਾ ਹੈ।" ਬਾਬਾ ਭਕਨਾ ਨੂੰ 24 ਸਾਥੀਆਂ ਸਮੇਤ ਫਾਂਸੀ ਦੀ ਸਜ਼ਾ ਸੁਣਾਈ ਗਈ। ਪਿਛੋਂ ਲਾਰਡ ਹਾਰਡਿੰਗ ਨੇ 16 ਦੇਸ਼ ਭਗਤਾਂ ਦੀ ਮੌਤ ਦੀ ਸਜ਼ਾ ਨੂੰ ਉਮਰ ਕੈਦ ਜਲਾਵਤਨੀ ਵਿਚ ਬਦਲ ਦਿੱਤਾ ਅਤੇ ਕਾਲੇ ਪਾਣੀ ਜੇਲ੍ਹ ਭੇਜ ਦਿੱਤਾ, ਜਿਨ੍ਹਾਂ ਵਿਚ ਸੋਹਣ ਸਿੰਘ ਭਕਨਾ ਵੀ ਸੀ। ਅੰਡੇਮਾਨ ਵਿਚ ਪਹੁੰਚਣ ਤੇ ਪਤਾ ਲੱਗਾ ਕਿ ਇਥੋਂ ਦਾ ਜੇਲਰ ਤੇ ਜੇਲ ਸੁਪਰਡੈਂਟ ਬੜੇ ਜ਼ਾਲਮ ਹਨ। ਇਨ੍ਹਾਂ ਤੋਂ ਪਹਿਲਾਂ ਗਏ ਬੰਗਾਲੀ ਦੇਸ਼ ਭਗਤ ਅਤੇ ਵੀਰ ਸਾਵਰਕਰ ਜਿਹੇ ਜੇਲ੍ਹ ਦੇ ਜ਼ੁਲਮਾਂ ਤੋਂ ਬਾਹਾਂ ਖੜ੍ਹੀਆਂ ਕਰ ਚੁੱਕੇ ਸਨ। ਮਾੜੀ ਖ਼ੁਰਾਕ, ਗੰਦਾ ਮੌਸਮ, ਮੁਸ਼ੱਕਤ ਤੋਂ ਅੱਕ ਕੇ ਕੈਦੀ, ਖੁਦਕੁਸ਼ੀ ਕਰ ਲੈਂਦੇ ਸਨ। ਪਰ ਇਨ੍ਹਾਂ ਗ਼ਦਰੀ ਭਗਤਾਂ ਨੇ ਇਨ੍ਹਾਂ ਜ਼ੁਲਮਾਂ ਨਾਲ ਮੱਥਾ ਲਾਉਣ ਦੀ ਠਾਣ ਲਈ ਕਿ ਗ਼ੈਰ-ਇਨਸਾਨੀ ਕੋਹਲੂ ਆਦਿ ਦੀ ਮੁਸ਼ਕਤ ਨਹੀਂ ਕਰਨੀ, ਜ਼ਿਆਦਤੀ ਦਾ ਸਾਹਮਣਾ ਜ਼ਿਆਦਤੀ ਨਾਲ ਕਰਨਾ ਅਤੇ ਇਸੇ ਤਰ੍ਹਾਂ ਹੀ ਕੀਤਾ ਗਿਆ। ਇਸ ਦਾ ਨਤੀਜਾ ਇਹ ਹੋਇਆ ਕਿ ਦੇਸ਼ ਭਗਤਾਂ ਵਲੋਂ ਅਧਿਕਾਰੀਆਂ ਨਾਲ ਟੱਕਰਾਂ ਲਈਆਂ, ਭੁੱਖ-ਹੜਤਾਲਾਂ ਦੀਆਂ ਜਦੋ-ਜਹਿਦਾਂ ਤੋਂ ਝੁਕ ਕੇ ਅਧਿਕਾਰੀਆਂ ਨੂੰ ਸਰਕਾਰ ਅੱਗੇ ਅੰਡੇਮਾਨ ਜੇਲ੍ਹ ਬੰਦ ਕਰਨ ਦਾ ਪ੍ਰਸਤਾਵ ਰੱਖਣਾ ਪਿਆ। 1921 ਵਿਚ ਅੰਡੇਮਾਨ ਜੇਲ੍ਹ ਤੋਂ ਕੈਦੀਆਂ ਨੂੰ ਭਾਰਤ ਵਿਚ ਲਿਆ ਕੇ ਵੱਖ-ਵੱਖ ਜੇਲ੍ਹਾਂ ਵਿਚ ਬੰਦ ਕੀਤਾ ਗਿਆ। ਬਾਬਾ ਭਕਨਾ ਤੇ ਹਰੀ ਸਿੰਘ ਕੱਕੜ ਨੂੰ ਪਹਿਲਾਂ ਕੋਇੰਬਟੂਰ ਦੀ ਜੇਲ੍ਹ ਵਿਚ ਫਿਰ ਪੂਨਾ ਦੀ ਯਰਵਦਾ ਜੇਲ੍ਹ ਵਿਚ ਭੇਜਿਆ ਗਿਆ। ਯਰਵਦਾ ਜੇਲ੍ਹ ਵਿਚ ਹੋਰ ਕਾਂਗਰਸੀ ਆਗੂਆਂ ਦੇ ਨਾਲ ਮਹਾਤਮਾ ਗਾਂਧੀ ਵੀ ਬੰਦ ਸਨ, ਜਿਹੜੇ ਸੁਨੇਹੇ ਭੇਜਕੇ ਗ਼ਦਰੀਆਂ ਨਾਲ ਹਮਦਰਦੀ ਵੀ ਕਰਦੇ ਤੇ ਹੱਲਾ-ਸ਼ੇਰੀ ਵੀ ਦਿੰਦੇ। ਬਾਬਾ ਭਕਨਾ ਅਨੁਸਾਰ, "ਪਰ ਮਹਾਤਮਾ ਗਾਂਧੀ ਨੂੰ ਉਹਨਾਂ ਨਾਲ ਰਤਾ ਜਿੰਨੀ ਹਮਦਰਦੀ ਨਹੀਂ ਸੀ।" ਇਥੇ ਵੀ ਪੱਗੜੀ, ਕੱਛਹਿਰੇ ਅਤੇ ਹੋਰ ਜ਼ਰੂਰੀ ਵਸਤਾਂ ਲਈ ਤਿੰਨ ਭੁੱਖ ਹੜਤਾਲਾਂ ਕੀਤੀਆਂ ਗਈਆਂ।

1928 ਵਿਚ ਭਾਈ ਕੇਸਰ ਸਿੰਘ ਠੱਠਗੜ੍ਹ ਤੇ ਬਾਬਾ ਭਕਨਾ ਨੂੰ ਲਾਹੌਰ ਸੈਂਟਰ ਜੇਲ੍ਹ ਵਿਚ ਤਬਦੀਲ ਕੀਤਾ ਗਿਆ। ਇਥੇ 6 ਸਾਲ ਕੈਦ ਕੱਟਣ ਤੋਂ ਪਿਛੋਂ ਵੀ ਸਰਕਾਰ ਇਨ੍ਹਾਂ ਨੂੰ ਛੱਡਣ ਲਈ ਤਿਆਰ ਨਾ ਹੋਈ ਤਾਂ ਇਹਨਾਂ ਭੁੱਖ ਹੜਤਾਲ ਕਰ ਦਿੱਤੀ। ਬਾਹਰ ਵੀ ਸਜ਼ਾ ਭੁਗਤ ਚੁਕੇ ਦੇਸ਼ ਭਗਤਾਂ ਦੀਆਂ ਰਿਹਾਈਆਂ ਨੂੰ ਲੈ ਕੇ ਐਜੀਟੇਸ਼ਨ ਹੋਈ। ਇਸ ਜੇਲ੍ਹ ਵਿਚ ਸ੍ਰ. ਭਗਤ ਸਿੰਘ ਵੀ ਬੰਦ ਸਨ। ਕਿਸੇ ਨਾ ਕਿਸੇ ਬਹਾਨੇ ਭਗਤ ਸਿੰਘ ਨਾਲ ਬਾਬਾ ਭਕਨਾ ਦੀਆਂ ਮੁਲਾਕਾਤਾਂ ਹੁੰਦੀਆਂ ਰਹਿੰਦੀਆਂ। ਇਕ ਦਿਨ ਬਾਬਾ ਭਕਨਾ ਨੇ ਭਗਤ ਸਿੰਘ ਨੂੰ ਮਾਖੌਲ 'ਚ ਪੁੱਛ ਹੀ ਲਿਆ, "ਤੂੰ ਅਜੇ ਨੌਜਵਾਨ ਹੈ, ਪੜ੍ਹਿਆ ਲਿਖਿਆ ਵੀ, ਤੇਰੀ ਖਾਣ-ਪੀਣ ਤੇ ਮੌਜਾਂ ਕਰਨ ਦੀ ਉਮਰ, ਤੂੰ ਕਿਵੇਂ ਫਸ ਗਿਆ?" ਭਗਤ ਸਿੰਘ ਨੇ ਹੱਸ ਕੇ ਕਿਹਾ, "ਇਹ ਮੇਰਾ ਕਸੂਰ ਨਹੀਂ ਤੁਹਾਡੇ ਸਾਥੀਆਂ ਦਾ ਹੈ।"

"ਸਾਡਾ ਕਿਸ ਤਰ੍ਹਾਂ?" ਬਾਬਾ ਜ ਨੇ ਪੁੱਛਿਆ।

ਭਗਤ ਸਿੰਘ ਨੇ ਕਿਹਾ, "ਜੇ ਕਰਤਾਰ ਸਿੰਘ ਸਰਾਭਾ ਤੇ ਉਹਦੇ ਸਾਥੀ ਹੱਸ ਹੱਸ ਕੇ ਫਾਂਸੀਆਂ 'ਤੇ ਨਾ ਚੜ੍ਹਦੇ, ਤੇ ਤੁਸੀਂ ਸਾਰੇ ਅੰਡੇਮਾਨ ਜਿਹੇ ਕੁੰਭੀ-ਨਰਕ ਵਿਚ ਪੈ ਕੇ ਸਾਬਤ ਨਾ ਨਿਕਲਦੇ ਤਾਂ ਸ਼ਾਇਦ ਮੈਂ ਵੀ ਇਸ ਪਾਸੇ ਨਾ ਆਉਂਦਾ।" ਬਾਬਾ ਭਕਨਾ ਨੇ ਭਗਤ ਸਿੰਘ ਬਾਰੇ ਲਿਖਿਆ, "ਛੇ ਫੁੱਟ ਲੰਮਾ ਬਹੁਤ ਖ਼ੂਬਸੂਰਤ ਤੇ ਅਜੇ ਮੁਛਫੁਟਾ ਨੌਜਵਾਨ ਸੀ, ਨਿਡਰ ਜਰਨੈਲ, ਫਿਲਾਸਫਰ ਤੇ ਉੱਚੇ ਦਰਜੇ ਦੀ ਰਾਜਸੀ ਸੂਝ ਰੱਖਦਾ ਸੀ। ਦੇਸ਼ ਭਗਤ ਦੇ ਨਾਲ ਨਾਲ ਦੁਨੀਆਂ ਭਰ ਦੀ ਪੀੜਤ ਜਨਤਾ ਦਾ ਦਰਦ ਉਹਦੇ ਦਿਲ ਅੰਦਰ ਕੁੱਟ-ਕੁੱਟ ਭਰਿਆ ਹੋਇਆ ਸੀ। ਜਦ ਵੀ ਮੈਂ ਮਿਲਦਾ ਤਾਂ ਲੱਗਦਾ, ਭਗਤ ਸਿੰਘ ਤੇ ਕਰਤਾਰ ਸਿੰਘ ਸਰਾਭਾ ਕੇਵਲ ਮੂਰਤੀਆਂ ਹੀ ਦੋ ਹਨ, ਪਰ ਉਹਨਾਂ ਦੇ ਗੁਣ, ਕਰਮ, ਅੰਤਾਹ-ਕਰਨ ਇਕੋ ਹੀ ਸਨ। 'ਇਕ ਜੋਤ ਦੋਇ ਮੂਰਤਿ' ਵਾਲੀ ਮਿਸਾਲ ਇਨ੍ਹਾਂ ਉੱਪਰ ਢੁੱਕਦੀ ਸੀ।"

ਸਜ਼ਾ ਦੀ ਮਿਆਦ ਪੂਰੀ ਹੋਣ 'ਤੇ ਰਿਹਾਈ ਨਾ ਹੋਈ ਤਾਂ ਬਾਬਾ ਜੀ ਨੇ ਭੁੱਖ-ਹੜਤਾਲ ਕੀਤੀ। ਦੋ ਮਹੀਨੇ ਮਗਰੋਂ ਹਾਲਤ ਬਹੁਤ ਨਾਜ਼ੁਕ ਹੋ ਗਈ ਤਾਂ ਬਾਬਾ ਜੀ ਨੂੰ ਮਿਉਂ ਹਸਪਤਾਲ ਦਾਖ਼ਲ ਕਰਵਾਇਆ ਗਿਆ। 90 ਦਿਨ ਦੀ ਭੁੱਖ ਹੜਤਾਲ ਅਤੇ ਬਾਹਰੀ ਜਨਤਕ ਰੋਹ ਦੇ ਦਬਾਅ ਤੋਂ ਮਜ਼ਬੂਰ ਹੋ ਕੇ ਸਰਕਾਰ ਵਲੋਂ ਬਬਾ ਜੀ ਰਿਹਾਅ ਕੀਤੇ ਗਏ।

ਬਹੁਤ ਕਮਜ਼ੋਰ ਹਾਲਤ ਵਿਚ ਬਾਬਾ ਭਕਨਾ ਜੀ ਦੀ ਰਿਹਾਈ 'ਤੇ ਉਨ੍ਹਾਂ ਦਾ ਥਾਂ-ਥਾਂ ਸੁਆਗਤ ਕੀਤਾ ਗਿਆ ਅਤੇ ਡੇਹਰਾ ਸਾਹਿਬ ਗੁਰਦੁਆਰੇ (ਲਾਹੌਰ) ਤੋਂ ਲੈ ਕੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਵਿਸ਼ੇਸ਼ ਦੀਵਾਨ ਸਜਾਏ ਗਏ। ਪਰ ਜਦੋਂ ਉਹ ਘਰ ਪੁੱਜੇ ਤਾਂ ਹਵੇਲੀ ਢੇਰ ਬਣ ਚੁੱਕੀ ਸੀ। ਦੋਨੋਂ ਮਾਤਾਵਾਂ ਪੁੱਤਰ ਦੇ ਵਿਯੋਗ ਵਿਚ ਪ੍ਰਲੋਕ ਸਿਧਾਰ ਗਈਆਂ ਸਨ, ਪਤਨੀ ਮਾਪਿਆਂ ਕੋਲ ਜਾ ਕੇ ਦਿਨ ਕੱਟਦੀ ਰਹੀ। ਪਿੰਡ ਆ ਕੇ ਘਰ ਨੂੰ ਮੁੜ ਪੈਰਾਂ 'ਤੇ ਕਰਕੇ ਉਨ੍ਹਾਂ ਨੇ ਲੜਕੀਆਂ ਦਾ ਸਕੂਲ ਆਪਣੀ ਜਗ੍ਹਾ ਵਿਚ ਬਣਾਇਆ। ਦੇਸ਼ ਭਗਤ ਪ੍ਰਵਾਰ ਸਹਾਇਕ ਕਮੇਟੀ ਦੀ ਸਲਾਹ ਨਾਲ ਉਨ੍ਹਾਂ ਆਪਣੀ ਜ਼ਮੀਨ ਵਿਚ ਕਿਰਤੀ ਕਿਸਾਨ ਆਸ਼ਰਮ ਖੋਲ੍ਹਿਆ ਜਿਸ ਵਿਚ ਸ਼ਹੀਦਾਂ, ਜੇਲ੍ਹਾਂ ਅੰਦਰ ਬੰਦ ਦੇਸ਼ ਭਗਤਾਂ ਦੇ ਲੜਕੇ ਲੜਕੀਆਂ ਨੂੰ ਰੱਖ ਕੇ ਉਨ੍ਹਾਂ ਦੀ ਪ੍ਰਵਰਿਸ਼ ਅਤੇ ਪੜ੍ਹਾਈ ਦਾ ਇੰਤਜ਼ਾਮ ਸ਼ੁਰੂ ਕੀਤਾ।

ਉਨ੍ਹਾਂ ਦੀ ਸਖ਼ਸ਼ੀਅਤ ਦੀ ਮਹਾਨਤਾ ਦਾ ਅੰਦਾਜ਼ਾ 1934-35 ਦੀਆਂ ਕਾਰਵਾਈਆਂ ਤੋਂ ਲਾਇਆ ਜਾ ਸਕਦਾ ਹੈ, ਜਦੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਰੇ ਮੈਂਬਰਾਂ ਨੂੰ ਨਾਮਜ਼ਦ ਕਰਨ ਦੇ ਪੂਰੇ ਅਖ਼ਤਿਆਰ ਬਾਬਾ ਭਕਨਾ ਜੀ ਨੂੰ ਸੌਂਪ ਦਿੱਤੇ ਗਏ ਸਨ। ਉਨ੍ਹਾਂ ਵੱਲੋਂ ਨਾਮਜ਼ਦ ਲੋਕਾਂ ਵਿਚੋਂ 100 ਤੋਂ ਵੱਧ ਬਿਨਾਂ ਮੁਕਾਬਲਾ ਚੁਣੇ ਗਏ ਅਤੇ ਰਹਿੰਦੇ 6-7 ਦੇ ਮੁਕਾਬਲੇ ਵਿਚ ਖਲੋਤੇ ਵਿਅਕਤੀ ਹੂੰਝੇ ਗਏ ਸਨ।

ਇਹ ਸਮਾਂ ਮਜ਼ਦੂਰ-ਕਿਸਾਨ ਤੇ ਜਨਤਕ ਜਥੇਬੰਦੀਆਂ ਦੀ ਚੜ੍ਹਤ ਦਾ ਸਮਾਂ ਸੀ। ਜਿਸਨੂੰ ਮਾਸਕੋ ਤੋਂ ਸਿੱਖਿਆ ਲੈ ਕੇ ਆਏ ਗ਼ਦਰੀਆਂ ਨੇ ਪ੍ਰਚੰਡ ਕੀਤਾ, ਭਾਵੇਂ ਇਹ ਅੰਗਰੇਜ਼ੀ ਸਰਕਾਰ ਲਈ ਸਭ ਤੋਂ ਖ਼ਤਰਨਾਕ ਸਨ। ਇਸੇ ਕਰਕੇ ਇਨ੍ਹਾਂ ਦੀ ਪਰਖ ਦੀ ਗੁਠਾਲੀ ਸ਼ਾਹੀ ਕਿਲ੍ਹਾ ਲਾਹੌਰ ਬਣਾਈ ਗਈ ਸੀ। ਅੰਮ੍ਰਿਤਸਰ ਤੇ ਲਾਹੌਰ ਵਿਚ ਬੰਦੋਬਸਤ ਦੇ ਖਿਲਾਫ਼ ਕਿਸਾਨ ਸਭਾ ਵਲੋਂ ਸਤਿਆਗ੍ਰਹਿ ਕੀਤੇ ਗਏ ਸਨ। ਸਰ ਸਕੰਦਰ ਹਯਾਤ ਖਾਨ ਦੀ ਹਕੂਮਤ ਵੇਲੇ ਅੰਮ੍ਰਿਤਸਰ ਵਿਚ 1938 ਨੂੰ ਬਾਬਾ ਭਕਨਾ ਕਿਸਾਨ ਮੁਜ਼ਾਹਰੇ ਦੀ ਅਗਵਾਈ ਕਰਦਿਆਂ ਉੱਚੇ ਪੁੱਲ ਉੱਪਰ ਕੀਤੀ ਗਈ ਕੁੱਟਮਾਰ ਦੀ ਘਟਨਾ ਇਤਿਹਾਸ ਵਿਚ ਬੜੀ ਮਹੱਤਵਪੂਰਨ ਹੈ। ਜਿਸ ਵਿਚ ਬਾਬਾ ਭਕਨਾ ਜੀ ਸਮੇਤ ਬਾਬਾ ਹਰਨਾਮ ਸਿੰਘ ਕਸੇਲ, ਊਧਮ ਸਿੰਘ ਨਾਗੋਕੇ ਨਾਲ ਮੁਜ਼ਾਹਰੇ ਦੀ ਅਗਵਾਈ ਕਰਦਿਆਂ ਪੁਲਿਸ ਦੀਆਂ ਸੁੰਮਾਂ ਵਾਲੀਆਂ ਡਾਂਗਾਂ ਆਪਣੀ ਬਜ਼ੁਰਗ ਹੁੰਦੀ ਜਾ ਰਹੀ ਦੇਹ ਉੱਤੇ ਸਹਾਰੀਆਂ ਅਤੇ ਨਾਲ ਹੀ ਇਕ ਸਾਲ ਦੀ ਸਜ਼ਾ ਸ਼ਾਹਪੁਰ ਜੇਲ੍ਹ (ਪਾਕਿਸਤਾਨ) ਵਿਚ ਕੱਟੀ। ਛੇਤੀ ਪਿਛੋਂ 1939 ਦੇ ਲਾਹੌਰ ਕਿਸਾਨ ਮੋਰਚੇ ਵਿਚ ਫਿਰ ਇਕ ਸਾਲ ਦੀ ਸਜ਼ਾ ਰਾਵਲਪਿੰਡੀ ਜੇਲ੍ਹ ਵਿਚ ਭੁਗਤੀ।

ਦੂਜੀ ਸੰਸਾਰ ਜੰਗ ਸਮੇਂ ਉਨ੍ਹਾਂ ਨੂੰ ਬਨਾਰਸ ਵਿਚ "ਚੰਗਿਆੜੀ" ਅਖ਼ਬਾਰ ਦੇ ਦਫ਼ਤਰ ਵਿਚੋਂ ਗ੍ਰਿਫ਼ਤਾਰ ਕਰਕੇ ਦਿਉਲੀ ਕੈਂਪ ਜੇਲ੍ਹ ਵਿਚ ਕੈਦ ਕੀਤੇ ਗਏ। ਸੰਨ 1943 ਵਿਚ ਕੁੱਲ ਹਿੰਦ ਕਿਸਾਨ ਸਭਾ ਦਾ ਮਹਾਂ-ਸੰਮੇਲਨ ਪਹਿਲੀ ਵਾਰ ਪੰਜਾਬ ਵਿਚ ਕਰਨਾ ਮਿਥਿਆ ਗਿਆ ਤਾਂ ਗੁਣਾ ਪੈ ਗਿਆ ਭਕਨੇ ਪਿੰਡ ਦਾ। ਬਾਬਾ ਭਕਨਾ ਜੀ ਜੇਲ੍ਹ ਵਿਚ ਸਨ। ਸਬੱਬ ਨਾਲ ਕਿਸਾਨ ਕਾਨਫਰੰਸ ਸ਼ੁਰੂ ਦੇ ਐਨ ਮੌਕੇ 'ਤੇ ਬਾਬਾ ਜੀ ਰਿਹਾਅ ਹੋ ਗਏ। ਜਦੋਂ ਉਹ ਪਿੰਡ ਪੁੱਜੇ ਤਾਂ ਆਰੰਭਿਕ ਸਮਾਗਮ ਮੌਕੇ ਦੂਰੋਂ-ਦੂਰੋਂ ਆਏ ਕਿਸਾਨ ਜਥਿਆਂ ਨਾਲ ਪਿੰਡ ਦੀਆਂ ਗਲੀਆਂ ਲਾਂਘੇ ਭਰੇ ਹੋਏ ਸਨ। ਬਾਬਾ ਜੀ ਦੀ ਖ਼ਬਰ ਸੁਣ ਕੇ ਸਾਰੇ ਜੁੜੇ ਲੋਕਾਂ ਵਿਚ ਖੁਸ਼ੀ ਦੀ ਲਹਿਰ ਦੌੜ ਗਈ। ਬਾਬਾ ਜੀ ਹੀ ਉਸ ਵਾਰ ਦੇਸ਼ ਦੀ ਇਸ ਸਿਰਮੌਰ ਕਿਸਾਨ ਸਭਾ ਜਥੇਬੰਦੀ ਦੇ ਪ੍ਰਧਾਨ ਚੁਣੇ ਗਏ ਸਨ, ਇਸ ਲਈ ਤਾਂ ਖੁਸ਼ੀ ਦੂਣ-ਸਵਾਈ ਹੋ ਗਈ ਸੀ।

ਆਜ਼ਾਦੀ ਤੋਂ ਪਿਛੋਂ ਵੀ 1948 ਵਿਚ ਕਾਂਗਰਸ ਹਕੂਮਤ ਨੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਕੇ ਯੋਲ ਕੈਂਪ ਜੇਲ੍ਹ ਵਿਚ ਬੰਦ ਕੀਤਾ। ਧਰਮਸ਼ਾਲਾ ਦੇ ਕੋਲ ਯੋਲ ਕੈਂਪ ਜੇਲ੍ਹ ਅੰਗਰੇਜ਼ ਸਰਕਾਰ ਨੇ ਇਟਾਲੀਅਨ ਜੰਗੀ ਕੈਦੀਆਂ ਲਈ ਬਣਾਈ ਸੀ। ਜੇਲ੍ਹ ਵਿਚ ਮਾੜੀ ਖ਼ੁਰਾਕ ਹੋਣ ਕਰਕੇ ਬਬਾ ਜੀ ਨੇ ਭੁੱਖ ਹੜਤਾਲ ਕੀਤੀ। ਬੁਢਾਪੇ ਵਿਚ ਇਸ ਭੁੱਖ ਹੜਤਾਲ ਨੇ ਉਨ੍ਹਾਂ ਦੀ ਕਮਰ ਕੁੱਬੀ ਕਰ ਦਿੱਤੀ ਸੀ। ਇਸੇ ਗੱਲ ਦਾ ਉਹ ਬਾਕੀ ਜ਼ਿੰਦਗੀ 'ਚ ਝੋਰਾ ਕਰਦੇ ਰਹੇ ਕਿ, "ਅੰਗਰੇਜ਼ੀ ਹਕੂਮਤ ਤਾਂ ਸਾਨੂੰ ਝੁਕਾ ਨਾ ਸਕੀ, ਪਰ ਆਪਣੀ ਸਰਕਾਰ ਨੇ ਸਾਡੀ ਕਮਰ ਕੁੱਬੀ ਕਰ ਦਿੱਤੀ, ਇਹ ਕਾਂਗਰਸ ਸਰਕਾਰ ਦੀ ਮੋਹਰ ਹੈ।" ਉਨ੍ਹਾਂ ਨੇ ਆਪਣੀਆਂ ਲਿਖਤਾਂ 'ਜੀਵਨ ਸੰਗਰਾਮ', 'ਦੁੱਖ', 'ਜੀਵਨ ਕਰਤੱਵ', 'ਮੇਰਾ ਜਰਨੈਲ ਕਰਤਾਰ ਸਿੰਘ ਸਰਾਭਾ', 'ਇਨਕਲਾਬੀ ਲਹਿਰ', 'ਭਾਰਤ ਵਿਚ ਇਸਤਰੀ ਜਾਤੀ', 'ਗਰੀਬੀ', ਨੌਜਵਾਨਾਂ ਨਾਲ ਸਵਾਲ-ਜਵਾਬ ਆਦਿ ਕਈ ਹੋਰ ਲਿਖਤਾਂ ਨਵੇਂ ਸਮਾਜ ਦੀ ਪੀੜ੍ਹੀ ਲਈ ਸਰਮਾਇਆ ਹਨ। ਕਾਲੇ ਪਾਣੀ ਜੇਲ੍ਹ ਵਿਚੋਂ ਆਪਣੀ ਪਤਨੀ ਬਿਸ਼ਨ ਕੌਰ ਦੇ ਨਾਂਅ ਲਿਖੀ ਚਿੱਠੀ ਆਦਿ ਕਈ ਹੋਰ ਲਿਖਤਾਂ ਅਜੋਕੀ ਪੀੜ੍ਹੀ ਲਈ ਮਾਰਗ ਦਰਸ਼ਨ ਹਨ।

ਇਸ ਵਾਰ 'ਮੇਲਾ ਗ਼ਦਰੀ ਬਾਬਿਆਂ ਦਾ' ਬਾਬਾ ਸੋਹਣ ਸਿੰਘ ਭਕਨਾ ਜੀ ਦੀ 150 ਸਾਲਾਂ ਜਨਮ ਸ਼ਤਾਬਦੀ ਨੂੰ ਸਮਰਪਿਤ ਹੈ। ਉਨ੍ਹਾਂ ਨੇ ਦੇਸ਼ ਭਗਤ ਯਾਦਗਾਰ ਹਾਲ ਦੇ ਨਿਰਮਾਣ ਲਈ ਆਪਣੀ ਜ਼ਮੀਨ ਵੇਚ ਕੇ ਸੇਵਾ ਪਾਈ। ਬਾਬਾ ਭਕਨਾ ਜੀ ਵਾਸਤੇ ਸੱਚੀ ਦੇਸ਼ ਭਗਤੀ ਤੇ ਸੱਚਾ ਇਨਕਲਾਬ ਇਕੋ ਸਿੱਕੇ ਦੇ ਸਿੱਧੇ-ਪੁੱਠੇ ਪਾਸੇ ਹਨ। ਉਨ੍ਹਾਂ ਦਾ ਤਕਰੀਬਨ ਸਦੀ ਭਰ ਜੀਵਨ ਪੈਰ-ਪੈਰ ਉੱਤੇ ਸਭਨਾਂ ਨੂੰ ਇਕ ਅਜਿਹੇ ਮਾਰਗ ਉੱਤੇ ਪਾਉਣ ਦੇ ਲੇਖੇ ਲੱਗਿਆ, ਜਿਹੜਾ ਸੱਚ-ਮੁੱਚ ਸੱਚਾ ਤੇ ਸਹੀ ਮਾਰਗ ਹੈ।

.........

(ਸ. ਸੋਹਣ ਸਿੰਘ ਜੀ ਕੈਦੀ ਕਾਲੇ ਪਾਣੀ, 'ਭਕਨਾ' ਜ਼ਿਲ੍ਹਾ ਅੰਮ੍ਰਿਤਸਰ ਵਾਸੀ ਦੀ ਆਪਣੀ ਸੁਪਤਨੀ ਵੱਲ)

ਮੇਰੀ ਪ੍ਰਿਯ ਜੀ, ਸਤਿ ਸ੍ਰੀ ਅਕਾਲ! ਅਸੀਂ ਹੁਣ ਜਲਦੀ ਆਪਣੇ ਮੁਲਕ ਦੀ ਕਿਸੇ ਜੇਹਲ ਵਿਚ ਕਾਲੇ ਪਾਣੀਉਂ ਆ ਜਾਵਾਂਗੇ। ਤੂੰ ਮੇਰੀ ਰਿਹਾਈ ਬਾਬਤ ਕੋਈ ਭੀ ਸਰਕਾਰ ਵੱਲ ਅਰਜੀ ਨਾ ਭੇਜੀ। ਮੇਰੇ ਖਿਆਲ ਵਿਚ ਤੂੰ ਇਕ ਜਾਂ ਦੋ ਸਾਲ ਵਿਚ ਪੰਜਾਬੀ ਪੜ੍ਹਨ ਲਿਖਣ ਸਿਖ ਕੇ ਆਪਨੀਆਂ ਲਿਖੀਆਂ ਪੜ੍ਹੀਆਂ ਭੈਣਾਂ ਨਾਲ ਮਿਲਕੇ ਇਸਤ੍ਰੀ ਜਾਤੀ ਦੀ ਸੇਵਾ ਕਰਨ ਲਈ ਅਪਨੇ ਦਿਲ ਵਿਚ ਪਕਾ ਨਿਸ਼ਚਾ ਕਰ ਲੈ। ਇਸ ਵੇਲੇ ਇਸਤ੍ਰੀ ਜਾਤੀ ਦੀ ਬੜੀ ਦੁਰਦਿਸ਼ਾ ਹੋ ਰਹੀ ਹੈ, ਅਤੇ ਹਮੇਸ਼ਾਂ ਇਸਤ੍ਰੀਆਂ ਮਰਦਾਂ ਦੀਆਂ ਜੁਤੀਆਂ ਹੀ ਖਾਂਦੀਆਂ ਰਹਿੰਦੀਆਂ ਹਨ ਅਤੇ ਆਪਨੀ ਲਿਆਕਤ ਅਤੇ ਸ਼ੁਭ ਗੁਣਾਂ ਨਾਲ ਆਦਮੀਆਂ ਤੇ ਕਾਬੂ ਪਾ ਸਕਦੀਆਂ ਹਨ। ਜੇਕਰ ਤੂੰ ਮੈਦਾਨ ਵਿਚ ਆ ਜਾਵੇਂ ਤਾਂ ਮੈਂ ਇਸਤ੍ਰੀ ਸੁਧਾਰ ਵਿਚ ਤੇਰੀ ਅੱਛੀ ਤਰ੍ਹਾਂ ਮਦਦ ਕਰਾਂਗਾ, ਤੁਹਾਡੇ ਨਾਲ ਹੋ ਕੇ ਤੁਹਾਡੇ ਹੱਕਾਂ ਲਈ ਆਪਨੀ ਜਾਤੀ (ਮਨੁਸ਼ਾਂ) ਨਾਲ ਮੈਂ ਜ਼ਰੂਰ ਲੜਾਂਗਾ, ਕਿਉਂਕਿ ਮੈਨੂੰ ਇਨਸਾਫ ਨਾਲ ਪਿਆਰ ਹੈ। ਤੂੰ ਲੋਕ ਲਾਜ ਨੂੰ ਪਰੇ ਸਿਟ ਕੇ ਮੈਦਾਨ ਵਿਚ ਆ ਜਾ ਲੋਕ ਲਾਜ ਬੁਰੇ ਕੰਮਾਂ ਲਈ ਹੋਣੀ ਚਾਹੀਦੀ ਹੈ ਨਾ ਕਿ ਭਲੇ ਕੰਮਾਂ ਲਈ। ਇਸਤਰੀ ਅਤੇ ਪਤੀ ਵਿਚਕਾਰ ਪ੍ਰੇਮ ਅਤੇ ਧਰਮ ਦਾ ਹੀ ਨਾਤਾ ਹੁੰਦਾ ਹੈ, ਇਸ ਲਈ ਮੇਰਾ ਹੱਕ ਹੈ ਕਿ ਮੈਂ ਧਰਮ ਦੇ ਕੰਮਾਂ ਲਈ ਤੈਨੂੰ ਪ੍ਰੇਰਾਂ। ਨਾਲ ਹੀ ਮੈਂ ਇਹ ਭੀ ਕਹਿ ਦੇਣਾ ਚਾਹੁੰਦਾ ਹਾਂ ਕਿ ਤੇਰਾ ਭੀ ਹੱਕ ਹੈ ਕਿ ਤੂੰ ਮੈਨੂੰ ਸ਼ੁਭ ਕੰਮਾਂ ਲਈ ਹੁਕਮ ਕਰੇਂ, ਮੈਂ ਹਰ ਵੇਲੇ ਧਰਮ ਪ੍ਰਤੀ ਤੇਰੇ ਹੁਕਮਾਂ ਨੂੰ ਮੰਨਣ ਲਈ ਤਿਆਰ ਹਾਂ। ਮੈਂ ਹੁਣ ਤੈਨੂੰ ਅਪਨੀ ਭੈਣਾਂ ਦੀ ਸੇਵਾ ਕਰਨ ਦੀ ਜਾਂਚ ਦੱਸਦਾ ਹਾਂ, ਕਿ ਤੂੰ ਕਿਸੇ ਪਾਠਸ਼ਾਲਾ ਵਿਚ ਜਾ ਕੇ ਬੇਨਤੀ ਕਰ ਕਿ 'ਮੇਰਾ ਪਤੀ ਦੇਸ਼ ਦੀ ਸੇਵਾ ਦੇ ਜੁਰਮ ਵਿਚ ਉਮਰ ਕੈਦ ਹੈ, ਹੁਣ ਮੈਂ ਵੀ ਅਪਨੇ ਪਤੀ ਦੀ ਤਰ੍ਹਾਂ ਬਾਕੀ ਉਮਰ ਕੌਮ ਦੀ ਸੇਵਾ ਵਿਚ ਬਤੀਤ ਕਰਨੀ ਚਾਹੁੰਦੀ ਹਾਂ। ਮੈਨੂੰ ਝਾੜੂ ਅਤੇ ਲੰਗਰ ਦੀ ਸੇਵਾ ਬਖਸ਼ ਦੇਵੋ ਅਤੇ ਨਾਲ ਹੀ ਵਿਦਯਾ ਦਾ ਦਾਨ ਭੀ ਦੇਵੋ।' ਨਹੀਂ ਤਾਂ ਸੇਵਾ ਵਿਚ ਇਸ ਸੰਬੰਧੀ ਬੇਨਤੀ ਕਰ ਦੇਣੀ, ਮੈਨੂੰ ਪੱਕੀ ਉਮੀਦ ਹੈ ਕਿ ਉਹ ਕੋਈ ਨਾ ਕੋਈ ਪ੍ਰਬੰਧ ਕਰ ਦੇਵੇਗੀ।

***—ਸੋਹਣ ਸਿੰਘ ਕੈਦੀ***
***ਕਾਲਾ ਪਾਨੀ 38367***
***ਮਿਤੀ 14 ਜੁਲਾਈ 1921***

(ਧੰਨਵਾਦ ਦੇ.ਸੇ.)

# ਪ੍ਰੋ. ਮੋਹਨ ਸਿੰਘ

**—ਡਾ. ਹਰਵਿੰਦਰ ਸਿੰਘ ਸਿਰਸਾ**
***ਮੋਬਾ. 94162-53570***

ਪ੍ਰੋ. ਮੋਹਨ ਸਿੰਘ (20 ਅਕਤੂਬਰ, 1905-3 ਮਈ, 1978) ਲਗਭਗ 72-73 ਵਰ੍ਹੇ ਇਸ ਧਰਤੀ ਉੱਪਰ ਇਕ ਜਿਉਂਦੇ ਜਾਗਦੇ ਇਨਸਾਨ ਦੇ ਰੂਪ ਵਿਚ ਵਿਚਰਦਾ ਰਿਹਾ ਹੈ। ਇਸ ਉਪਰੰਤ ਇਕ ਹੱਡ-ਮਾਸ ਦੇ ਪੁਤਲੇ ਦੇ ਰੂਪ ਵਿਚ ਉਹ ਭਾਵੇਂ ਅੱਜ ਸਾਡੇ ਵਿਚਕਾਰ ਨਹੀਂ ਹੈ ਪਰੰਤੂ 1921-22 ਦੌਰਾਨ ਸ਼ੁਰੂ ਹੋਇਆ ਉਸਦੀ ਕਲਮ ਦਾ ਸਫ਼ਰ 1978 ਵਿਚ ਰੁਕ ਜਾਣ ਤੋਂ ਬਾਅਦ ਵੀ ਆਪਣੇ ਜਲੌਅ, ਪ੍ਰਭਾਵ ਪ੍ਰਤਿਭਾ ਅਤੇ ਪ੍ਰਸੰਗਿਕਤਾ ਸਦਕਾ ਅੱਜ ਵੀ ਸਾਡੀ ਅਗਵਾਈ ਕਰਦਾ ਹੋਇਆ ਸਾਡੇ ਅੰਗ-ਸੰਗ ਹੈ। ਇਹ ਉਸਦੀ ਕਲਮ ਦੀ ਸਮਰੱਥਾ ਹੀ ਹੈ ਜੋ ਉਸਨੂੰ ਇਕ ਯੁਗ-ਕਵੀ ਤੋਂ ਵੀ ਕਿਤੇ ਅੱਗੇ ਜਾ ਕੇ ਇਕ ਯੁਗ-ਸਿਰਜਕ ਕਵੀ ਵਜੋਂ ਸਥਾਪਤ ਕਰਦੀ ਹੈ।

ਪ੍ਰੋ. ਮੋਹਨ ਸਿੰਘ ਜਿਨ੍ਹਾਂ ਸਮਿਆਂ ਵਿਚ ਪੈਦਾ ਹੋਇਆ ਅਤੇ ਜਿਨ੍ਹਾਂ ਹਾਲਾਤਾਂ ਵਿਚ ਉਸਨੇ ਸੁਧ-ਬੁਧ ਸੰਭਾਲੀ, ਉਹ ਬਸਤੀਵਾਦ ਦੀ ਪੁਰਜ਼ੋਰ ਖ਼ਿਲਾਫ਼ਤ ਦਾ ਦੌਰ ਸੀ। ਭਾਰਤ ਦੇ ਨਾਲ-ਨਾਲ ਗੁਆਂਢੀ ਮੁਲਕਾਂ ਅੰਦਰ ਵੀ ਕੌਮੀ ਮੁਕਤੀ ਅੰਦੋਲਨ ਅੰਗੜਾਈਆਂ ਲੈ ਰਹੇ ਸਨ। ਬਾਰ ਦਾ ਕਿਸਾਨ ਵਿਦਰੋਹ, ਗ਼ਦਰ ਲਹਿਰ, ਅਕਾਲੀ, ਬੱਬਰ ਅਕਾਲੀ ਤੇ ਕਿਰਤੀ ਲਹਿਰ, ਜਲ੍ਹਿਆਂਵਾਲਾ ਬਾਗ ਤੇ ਜੈਤੋ ਦੇ ਬਾਗ ਦਾ ਮੋਰਚਾ ਆਦਿ ਅਜਿਹੀਆਂ ਘਟਨਾਵਾਂ ਸਨ ਜਿਨ੍ਹਾਂ ਨੇ ਆਮ ਪੰਜਾਬੀਆਂ/ਭਾਰਤੀਆਂ ਦੇ ਨਾਲ-ਨਾਲ ਸਾਡੇ ਕਵੀਆਂ ਨੂੰ ਵੀ ਝੰਜੋੜਿਆ। ਪ੍ਰੋ. ਮੋਹਨ ਸਿੰਘ ਵੀ ਇਹਨਾਂ ਲਹਿਰਾਂ/ਘਟਨਾਵਾਂ ਦਾ ਪ੍ਰਭਾਵ ਕਬੂਲਦਾ ਹੋਇਆ ਆਪਣੀ ਪਹਿਲੀ ਕਵਿਤਾ 'ਸਾਡਾ ਗੁਰੂ ਤੇ ਗੁਰੂ ਦਾ ਬਾਗ ਸਾਡਾ' 1921-22 ਵਿਚ ਇਕ ਕਾਨਫਰੰਸ ਦੇ ਮੌਕੇ ਰੱਖੇ ਗਏ ਕਵੀ ਦਰਬਾਰ ਲਈ ਲਿਖਦਾ ਅਤੇ ਸੁਣਾਉਂਦਾ ਹੈ। ਉਸਦਾ ਅਜਿਹਾ ਜੀਵਨ-ਅਨੁਭਵ ਅਤੇ ਕਾਵਿ-ਅਨੁਭਵ 'ਗੁਰਦੁਵਾਰੇ ਦੇ ਧੁੰਦਲੇ ਦੀਵੇ ਦੀ ਲੋਅ ਥੱਲੇ ਸਿਰੀਆਂ ਜੋੜਕੇ' ਅਖ਼ਬਾਰਾਂ ਪੜ੍ਹਦਿਆਂ ਅਤੇ ਚਰਚਾ ਕਰਦਿਆਂ ਪ੍ਰਾਪਤ ਕੀਤਾ ਅਨੁਭਵ ਹੈ।

1921-22 ਵਿਚ ਜਿੱਥੇ ਪ੍ਰੋ. ਮੋਹਨ ਸਿੰਘ ਦਾ ਜੀਵਨ-ਅਨੁਭਵ ਸਿੱਖੀ ਪ੍ਰਭਾਵ ਤੱਕ ਸੀਮਤ ਸੀ ਅਤੇ ਉਸਦੀ ਕਲਮ ਦਾ 'ਸਾਡਾ ਗੁਰੂ ਤੇ ਗੁਰੂ ਦਾ ਬਾਗ ਸਾਡਾ' ਤਕ, ਉੱਥੇ 1978 ਤਕ ਉਸਦਾ ਜੀਵਨ-ਅਨੁਭਵ ਕੌਮਾਂਤਰੀਵਾਦ ਤਕ ਜਾ ਫੈਲਦਾ ਹੈ ਅਤੇ ਉਸਦੀ ਕਲਮ ਦਾ 'ਮੌਲੀ ਮੁੜ ਕੇ ਧਰਤ ਚੀਨ ਦੀ' ਤਕ। ਇਹ ਉਸਦੀ ਨਿਰੰਤਰ ਕ੍ਰਿਆਸ਼ੀਲਤਾ ਅਤੇ ਆਪਣੀ ਸੂਝ ਨੂੰ ਤਿਖੇਰਾ, ਪ੍ਰਚੰਡ ਤੇ ਸਮੇਂ ਦੇ ਹਾਣ ਦੀ ਬਣਾਏ ਜਾਣ ਦੇ ਸੁਚੇਤ ਯਤਨਾਂ ਸਦਕਾ ਹੀ ਹੈ। ਇਹੀ ਉਸਦੀ ਜੀਵਨ-ਜਾਚ ਹੈ। ਅਜਿਹੀ ਜੀਵਨ-ਜਾਚ ਸਦਕਾ ਹੀ ਉਹ ਜਜ਼ਬੇ ਨਾਲੋਂ ਬੁੱਧੀ ਨੂੰ ਪਹਿਲ ਦੇਂਦਾ ਹੋਇਆ ਅਮਲ ਦੇ ਲੰਮੇਰੇ ਪੰਧ ਦਾ ਪਾਂਧੀ ਬਣਦਾ ਹੈ :

ਜਿਨ੍ਹਾਂ ਸਮਿਆਂ ਦੌਰਾਨ ਪ੍ਰੋ. ਮੋਹਨ ਸਿੰਘ ਪੰਜਾਬੀ ਕਾਵਿ-ਖੇਤਰ ਅੰਦਰ ਵਿਚਰਨਾ ਸ਼ੁਰੂ ਕਰ ਰਿਹਾ ਸੀ, ਉਹ ਅਜਿਹਾ ਦੌਰ ਸੀ ਜਿਸ ਦੌਰਾਨ ਗ਼ਦਰ ਲਹਿਰ ਨਾਲ ਸੰਬੰਧਤ ਕੁਝ ਕਵੀਆਂ ਨੂੰ ਛੱਡ ਕੇ ਕੌਮਾਂਤਰੀ ਦੀ ਇਨਕਲਾਬੀ ਚੇਤਨਾ ਉਸ ਸਮੇਤ ਹੋਰਨਾਂ ਕਵੀਆਂ ਦੇ ਕਾਵਿ-ਅਨੁਭਵ ਦਾ ਹਿੱਸਾ ਨਹੀਂ ਸੀ ਬਣੀ। ਇਸ ਉਪਰੰਤ ਪ੍ਰੋ. ਮੋਹਨ ਸਿੰਘ ਧਾਰਮਿਕ ਦੇ ਨਾਲ-ਨਾਲ ਰਾਜਸੀ ਕਵਿਤਾਵਾਂ ਲਿਖਣ ਵੱਲ ਰੁਚਿਤ ਹੁੰਦਾ ਹੈ। ਇਸ ਤੋਂ ਅਗਾਂਹ ਉਹ ਦੇਸ਼-ਪਿਆਰ ਅਤੇ ਰਾਸ਼ਟਰਵਾਦ ਤਕ ਦਾ ਸਫ਼ਰ ਤੈਅ ਕਰਦਾ ਹੈ। ਪ੍ਰੋ. ਮੋਹਨ ਸਿੰਘ ਦੀ ਕਵਿਤਾ ਉਸਦੇ ਕੁਝ ਹੋਰਨਾਂ ਸਮਕਾਲੀ ਭਾਰਤੀ ਕਵੀਆਂ ਵਾਂਗ ਰੁਮਾਂਸ ਦੀ ਉਪਜ ਹੈ। ਆਪਣੀ ਰੁਮਾਨੀ ਤਬੀਅਤ ਸਦਕਾ ਪ੍ਰੋ. ਮੋਹਨ ਸਿੰਘ ਦੀ ਵੀ ਵਧੇਰੇ ਕਵਿਤਾ ਇਸ਼ਕ ਦੇ ਆਲੇ-ਦੁਆਲੇ ਹੀ ਘੁੰਮਦੀ ਹੈ। ਉਸਦਾ ਇਹ ਇਸ਼ਕ ਔਰਤ ਪ੍ਰਤੀ ਵੀ ਹੈ, ਦੇਸ਼ ਪ੍ਰਤੀ ਵੀ ਅਤੇ ਇਨਕਲਾਬ ਪ੍ਰਤੀ ਵੀ।

ਔਰਤ ਬਾਰੇ ਕਵਿਤਾ ਲਿਖਦਿਆਂ ਉਹ ਰੁਮਾਨੀ ਹੋਣ ਦੇ ਨਾਲ-ਨਾਲ ਵਧੇਰੇ ਗਹਿਰ-ਗੰਭੀਰ ਅਤੇ ਸੰਜੀਦਾ ਹੁੰਦਾ ਹੈ। ਉਸਦਾ ਔਰਤ ਕਾਵਿ-ਪਾਤਰ ਪਿਆਰਿਆ-ਸਤਿਕਾਰਿਆ ਜਾਣ ਵਾਲਾ ਇਕ ਪ੍ਰੇਰਕ ਅਤੇ ਬਹਾਦੁਰ ਪਾਤਰ ਹੈ। ਜਦੋਂ ਉਹ ਇਸ ਧਾਰਨਾ ਦਾ ਪ੍ਰਤਿਪਾਦਨ ਕਰਦਾ ਹੈ ਕਿ, ਵਿਤਕਰੇ, ਲੁੱਟ-ਖਸੁੱਟ ਤੇ ਗ਼ਲਤ ਇਖ਼ਲਾਕੀ ਕੀਮਤਾਂ ਉੱਤੇ ਉੱਸਰੇ ਸਮਾਜ ਵਿਚ ਪਿਆਰ ਮੁਮਕਨ ਹੀ ਨਹੀਂ ਹੈ। ਇਸ ਸਮਾਜ ਵਿਚ ਤੀਵੀਂ ਇਕ ਜਾਇਦਾਦ ਬਣ ਕੇ ਰਹਿ ਗਈ ਹੈ। ਇਸ ਲਈ ਸਾਡੇ ਸਾਹਮਣੇ ਅਸਲੀ ਸਵਾਲ ਕਿਸੇ ਇਕ ਅੱਧੇ ਪਿਆਰ ਨੂੰ ਸਫ਼ਲ ਕਰਨਾ ਨਹੀਂ ਸਗੋਂ ਸਾਰੀ ਇਸਤਰੀ ਜਾਤੀ ਨੂੰ ਸੁਤੰਤਰ ਕਰਨਾ ਹੈ। ਤਾਂ ਔਰਤ ਪ੍ਰਤੀ ਉਸਦਾ ਨਜ਼ਰੀਆ ਹੋਰ ਵੀ ਸਪੱਸ਼ਟ ਹੋ ਜਾਂਦਾ ਹੈ।

ਜਿਉਂ-ਜਿਉਂ ਪ੍ਰੋ. ਮੋਹਨ ਸਿੰਘ ਦਾ ਜੀਵਨ-ਅਨੁਭਵ ਵਸੀਹ ਹੁੰਦਾ ਜਾਂਦਾ ਹੈ। 1917 ਦਾ ਰੂਸੀ ਇਨਕਲਾਬ ਅਤੇ 1936 ਦਾ ਪ੍ਰਗਤੀਵਾਦੀ ਸਾਹਿਤਕ ਅੰਦੋਲਨ ਉਸਦੇ ਜੀਵਨ-ਅਨੁਭਵ ਨੂੰ ਹੋਰ ਵੀ ਵਧੇਰੇ ਵਸੀਹ ਬਣਾਉਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। 'ਮੈਂ ਨਹੀਂ ਰਹਿਣਾ ਤੇਰੇ ਗਿਰਾਂ' ਉਸਦੀ ਇਕ ਅਜਿਹੀ ਜ਼ਿਕਰਯੋਗ ਕਵਿਤਾ ਹੈ ਜਿਸ ਵਿਚੋਂ ਉਸਦੇ ਸਾਮਰਾਜ ਵਿਰੁੱਧ ਖੜ੍ਹਨ, ਡੱਟਣ ਅਤੇ ਲੜਨ ਵਾਲੀ ਕੌਮੀ ਤੇ ਕੌਮਾਂਤਰੀ ਸੂਝ ਦੇ ਪ੍ਰਮਾਣ ਮਿਲਣੇ ਸ਼ੁਰੂ ਹੁੰਦੇ ਹਨ। ਉਹ ਅਜਿਹੀ ਥਾਂ 'ਤੇ ਰਹਿਣ ਤੋਂ ਸਪੱਸ਼ਟ ਇਨਕਾਰੀ ਹੈ।

ਸਾਡੀਆਂ ਕੌਮੀ ਮੁਕਤੀ ਲਹਿਰਾਂ ਨੇ ਜਿਸ ਬੰਦ-ਖੁਲਾਸੀ, ਭਾਈਚਾਰਕ ਸਾਂਝ, ਆਰਥਕ-ਸਮਾਜਕ ਬਰਾਬਰੀ ਹੱਕ-ਸੱਚ-ਨਿਆਂ 'ਤੇ ਆਧਾਰਿਤ ਸਮਾਜਵਾਦੀ ਨਿਜ਼ਾਮ ਵਾਲੀ ਜਿਸ ਆਜ਼ਾਦੀ ਦਾ ਸੁਪਨਾ ਲਿਆ ਸੀ ਅਤੇ 1947 ਵਿਚ ਸਾਡੇ ਮੁਲਕ ਨੂੰ ਜਿਸ ਤਰ੍ਹਾਂ ਦੀ ਆਜ਼ਾਦੀ ਮਿਲੀ, ਉਸ ਵਿਚ ਮੂਲੋਂ ਹੀ ਫ਼ਰਕ ਸੀ। ਏਸੇ ਕਰਕੇ ਹੀ ਹੋਰਨਾਂ ਭਾਰਤੀ ਤੇ ਪੰਜਾਬੀ ਕਵੀਆਂ ਵਾਂਗ ਪ੍ਰੋ. ਮੋਹਨ ਸਿੰਘ ਵੀ ਆਜ਼ਾਦੀ ਦੇ ਇਸ ਤਿੜਕ ਗਏ ਸੁਪਨੇ ਦੀ ਪੂਰਤੀ ਖ਼ਾਤਰ ਲੋਕਾਈ ਨੂੰ ਸੁਚੇਤ ਕਰਨ ਦੀ ਆਹਰ ਵਿਚ ਮੁੜ ਰੁੱਝ ਜਾਂਦਾ ਹੈ।

ਆਜ਼ਾਦੀ ਦੀ ਇਸ ਮੰਜ਼ਿਲ 'ਤੇ ਪੁੱਜਣ ਲਈ ਜੋ ਰਾਹ ਹੈ ਉਹ ਉਹੀ ਹੈ ਜੋ ਲੈਨਿਨ, ਮਾਓ ਵਰਗੇ ਸਮਾਜਵਾਦੀ, ਸਾਮਵਾਦੀ ਵਿਵਸਥਾ ਦੇ ਪੈਰੋਕਾਰਾਂ ਨੇ ਵਿਖਾਇਆ ਸੀ। ਪ੍ਰੋ. ਮੋਹਨ ਸਿੰਘ ਵੀ ਆਪਣੀ ਪ੍ਰਤੀਬੱਧਤਾ ਏਸੇ ਰਾਹ ਅਤੇ ਇਸੇ ਵਿਚਾਰਧਾਰਾ ਨਾਲ ਹੀ ਜ਼ਾਹਰ ਕਰਦਾ ਹੈ।

ਪਰੰਤੂ ਇਹਨਾਂ ਵਿਚਾਰਾਂ ਦੇ ਲੜ ਲੱਗ ਕੇ ਇਸ ਰਾਹ ਉੱਪਰ ਤੁਰਨ ਲਈ ਵਿਗਿਆਨਕ ਸਮਾਜਵਾਦੀ ਵਿਚਾਰਧਾਰਾ ਪ੍ਰਤੀ ਸੁਚੇਤਨਾ ਦੇ ਨਾਲ-ਨਾਲ ਅਟੱਲ ਇਨਕਲਾਬੀ ਨਿਸ਼ਚੇ ਦਾ ਹੋਣਾ ਵੀ ਅਨਿਵਾਰੀ ਹੈ। ਪ੍ਰੋ. ਮੋਹਨ ਸਿੰਘ ਵਿਚਾਰਧਾਰਕ ਧੁੰਧਲਕੇ ਵਿਚੋਂ ਬਾਹਰ ਆ ਵਿਚਾਰਧਾਰਕ ਸਪੱਸ਼ਟਤਾ ਦੇ ਨਾਲ ਅਟੱਲ ਨਿਸ਼ਚੇ ਅਤੇ ਆਸਥਾ ਉਪਰ ਵੀ ਵਿਸ਼ੇਸ਼ ਜ਼ੋਰ ਦੇਂਦਾ ਹੈ।

ਪ੍ਰੋ. ਮੋਹਨ ਸਿੰਘ ਦੀ ਕਵਿਤਾ ਸਮਾਜਕ ਅਨਿਆਂ ਪ੍ਰਤੀ ਤਾਂ ਸੋਝੀ ਪ੍ਰਦਾਨ ਕਰਦੀ ਹੈ, ਉਹ ਪੁਰਾਣੀਆਂ ਸੰਸਥਾਵਾਂ ਪ੍ਰਤੀ ਵੀ ਸੰਦੇਹ ਦੀ ਨਜ਼ਰ ਅਪਣਾਏ ਜਾਣ 'ਤੇ ਵੀ ਵਿਸ਼ੇਸ਼ ਜ਼ੋਰ ਦਿੰਦੀ ਹੈ। ਸੰਸਾਰ-ਅਮਨ ਪ੍ਰਤੀ ਪ੍ਰਤੀਬੱਧਤਾ ਇਸ ਕਵਿਤਾ ਦਾ ਇਕ ਹੋਰ ਮੀਰੀ ਗੁਣ ਹੈ। ਇਹ ਕਵਿਤਾ ਕਰਮ-ਸਿਧਾਂਤ ਨੂੰ ਰੱਦ ਕਰਦੀ ਹੈ। ਧਾਰਮਿਕ ਕਰਮਕਾਂਡ ਦੇ ਭਾਂਡੇ ਨੂੰ ਵੀ ਇਹ ਕਵਿਤਾ ਚੁਰਾਹੇ ਵਿਚ ਭੰਨਣਾ ਲੋਚਦੀ ਹੈ।

ਭਾਈਚਾਰਕ ਸਾਂਝ ਦਾ ਹੋਕਾ ਦੇਂਦੀ ਇਹ ਕਵਿਤਾ ਊਚ-ਨੀਚ ਦੇ ਸਿਧਾਂਤ ਨੂੰ ਮੂਲੋਂ-ਖ਼ਾਰਜ ਕਰਦੀ ਹੈ।

ਕਿਰਤੀਆਂ, ਕਿਰਸਾਨਾਂ ਅਤੇ ਖ਼ਾਸਕਰ ਨੌਜਵਾਨਾਂ ਨੂੰ ਤੰਗ-ਦਿਲ ਸੋਚਾਂ, ਬੋਦੀਆਂ ਰਸਮਾਂ-ਰੀਤਾਂ, ਵਿਹਾਜ ਗਏ ਮੁੱਲਾਂ ਨੂੰ ਤੱਜਦਿਆਂ, ਆਪਸੀ ਭਾਈਚਾਰੇ, ਸਾਂਝੀਵਾਲਤਾ ਅਤੇ ਵਿਗਿਆਨਕ ਜੀਵਨ ਜਾਚ ਦੇ ਲੜ ਲੱਗਣ 'ਤੇ ਜ਼ੋਰ ਦੇਂਦੀ ਪ੍ਰੋ. ਮੋਹਨ ਸਿੰਘ ਦੀ ਕਵਿਤਾ ਸ਼੍ਰੇਣੀ ਸੂਝ ਦੀ ਦ੍ਰਿਸ਼ਟੀ ਤੋਂ ਸਾਮਰਾਜ ਅਤੇ ਯਮਰਾਜ ਦੇ ਇਕੋ-ਜਿਹੇ ਕਿਰਦਾਰ ਨੂੰ ਸਮਝਣ ਲਈ ਸਪਸ਼ਟ ਸੇਧ ਪ੍ਰਦਾਨ ਕਰਦੀ ਹੈ।

ਪ੍ਰੋ. ਮੋਹਨ ਸਿੰਘ ਦੀ ਕਵਿਤਾ ਵਿਸ਼ਵ-ਸਾਮਰਾਜ ਦੇ ਖ਼ਾਤਮੇ ਲਈ ਲੋਕਾਈ ਨੂੰ ਪ੍ਰੇਰਦੀ ਹੈ। 'ਧਰਤੀ ਦੀ ਜ਼ੁਲਫ਼ ਸੰਵਾਰਨ' ਦਾ ਹੋਕਾ ਦੇਂਦੀ ਹੈ ਅਤੇ 'ਰਾਤ ਦੇ ਹਨੇਰੇ' ਨੂੰ ਦੂਰ ਕਰ 'ਸੋਨ-ਸਵੇਰ' ਲਿਆਉਣ ਲਈ ਪ੍ਰੇਰਦੀ ਮੁਕਤੀ ਦਾ ਰਾਹ ਸੁਝਾਉਂਦੀ ਹੈ।

ਔਰਤਾਂ, ਬੱਚਿਆਂ ਤੇ ਰੁੱਖਾਂ ਪ੍ਰਤੀ ਅਤਿ ਸੰਜੀਦਾ ਅਤੇ ਜ਼ਹੀਨ ਨਜ਼ਰੀਆ, ਸਮਾਜਕ ਅਨਿਆਂ ਦਾ ਵਿਰੋਧ, ਪੁਰਾਣੀਆਂ-ਬੋਦੀਆਂ ਸੰਸਥਾਵਾਂ, ਰੀਤਾਂ ਪ੍ਰਤੀ ਸੰਦੇਹ ਦੀ ਨਜ਼ਰ, ਸ਼੍ਰੇਣੀ ਸੂਝ, ਸ਼੍ਰੇਣੀ ਘੋਲ, ਜਥੇਬੰਦਕ ਏਕਤਾ, ਸੰਸਾਰ ਅਮਨ, ਲੋਕ-ਪਿਆਰ, ਭਾਈਚਾਰਕ ਸਾਂਝ, ਬਰਾਬਰੀ, ਹੱਕ-ਸੱਚ-ਨਿਆਂ, ਨਿੱਜ ਨਾਲੋਂ ਪਰ ਦਾ ਫ਼ਿਕਰ, ਨਿਰੰਤਰਤਾ, ਕਰਮਸ਼ੀਲਤਾ, ਕ੍ਰਿਆਸ਼ੀਲਤਾ, ਸੂਝ/ਚੇਤਨਾ ਵਿਚ ਨਿਰੰਤਰ ਨਿਖਆਰ, ਸੁਪਨਿਆਂ ਦੀ ਪੂਰਤੀ, ਕਿਰਤੀ ਜਮਾਤ ਵਿਚ ਅਟੁੱਟ ਵਿਸ਼ਵਾਸ, ਕਰਮ-ਸਿਧਾਂਤ ਅਤੇ ਧਾਰਮਿਕ ਕਰਮ-ਕਾਂਡ ਦੀ ਨਿਖੇਧੀ, ਕਵੀ, ਕਵੀ-ਕਰਮ, ਕਾਵਿ, ਕਲਾ ਦੇ ਪ੍ਰਯੋਜਨ ਪ੍ਰਤੀ ਸੁਚੇਤਨਾ, ਮਿਥਿਹਾਸ-ਇਤਿਹਾਸ ਦੀ ਵਿਗਿਆਨਕ ਨਜ਼ਰੀਏ ਤੋਂ ਪੁਨਰ-ਵਿਆਖਿਆ ਤੇ ਪੁਨਰ-ਸਿਰਜਨਾ ਦੇ ਨਾਲ-ਨਾਲ ਕੌਮਾਂਤਰੀਵਾਦ, ਸਮਾਜਵਾਦ ਤੇ ਸਾਮਵਾਦ ਦੇ ਇਨਕਲਾਬੀ ਆਸ਼ਿਆਂ ਵਿਚ ਅਟੁੱਟ ਵਿਸ਼ਵਾਸ ਆਦਿ ਪ੍ਰੋ. ਮੋਹਨ ਸਿੰਘ ਦੀ ਕਵਿਤਾ ਦੇ ਉਹ ਪ੍ਰਮੁੱਖ ਸਰੋਕਾਰ ਹਨ ਜਿਨ੍ਹਾਂ ਸਦਕਾ ਉਸਦੀ ਕਵਿਤਾ ਦੀ ਪ੍ਰਸੰਗਿਕਤਾ ਅਤੇ ਸਾਰਥਕਤਾ ਅੱਜ ਹੀ ਨਹੀਂ ਸਗੋਂ ਇਹਨਾਂ ਸੁਪਨਿਆਂ ਦੀ ਪੂਰਤੀ ਵਾਲੇ ਯੁੱਗ ਦੀ ਸਿਰਜਣਾ ਤਕ ਬਣੀ ਰਹੇਗੀ।

*ਮੇਰੀ ਹਿੱਕ ਵਿਚ ਹੁਣ ਨਾ ਸੌਣ ਗੀਤ,*
*ਪਏ ਦਿਨੇ ਰਾਤ ਚਿਚਲਾਉਣ ਗੀਤ।....*
*ਇਹ ਸੁੱਤੀ ਚਿਣਗ ਮਘਾਵਣਗੇ,*
*ਜ਼ੰਜੀਰਾਂ ਨੂੰ ਹੱਥ ਪਾਵਣਗੇ,*
*ਪਏ ਮਸਤੀ ਦੇ ਵਿਚ ਆਉਣ ਗੀਤ।*
*ਇਹ ਚਾਹਣ ਨਵਾਂ ਯੁਗ ਰਚਣਾ ਹੁਣ,*
*ਤਲਵਾਰਾਂ ਨਾਲ ਪਲਚਣਾ ਹੁਣ,*
*ਚੜ੍ਹ ਸੂਲੀਆਂ ਉੱਤੇ ਨੱਚਣਾ ਹੁਣ,*
*ਮੇਰੇ ਮਰਨੋਂ ਨਾ ਘਬਰਾਉਣ ਗੀਤ।*
*ਜਦ ਤੀਕਰ ਯੁਵਕ ਨਾ ਜਾਗਣਗੇ,*
*ਮੇਰੇ ਗੀਤ ਨਾ ਗਾਉਣ ਤਿਆਗਣਗੇ,*
*ਦਿਨ ਰਾਤ ਉਨੀਂਦੇ ਝਾਗਣਗੇ,*
*ਨਾ ਸੌਂਣ ਦੇਣ ਨਾ ਸੌਂਣ ਗੀਤ*
*ਪਏ ਦਿਨ ਰਾਤ ਚਿਚਲਾਉਣ ਗੀਤ।*

### ਲੋਹਾ

ਲੋਹਾ ਸਾਡਾ ਪਿਓ
ਅਸੀਂ ਲੋਹੇ ਦੇ ਪੁੱਤਰ,
ਅਸੀਂ ਲੋਹੇ ਦੇ ਜਾਏ।

ਲੋਹਾ ਸਾਡਾ ਇਸ਼ਟ
ਅਸੀਂ ਲੋਹੇ ਦੇ ਪੁਜਾਰੀ,
ਲੋਹਾ ਸਾਡੀ ਪਤ
ਅਸੀਂ ਲੋਹੇ ਪਰਨਾਏ।

ਲੋਹੇ ਦੇ ਬੇਲੀ ਅਸੀਂ
ਸੋਨੇ ਦੇ ਹੱਡ-ਵੈਰੀ,
ਭਾਉਂਦਾ ਨਾ ਸਾਨੂੰ ਜਿਹੜਾ
ਲੋਹੇ ਨੂੰ ਨਾ ਭਾਏ।

ਲੋਹੇ ਦੇ ਡੌਲੇ ਸਾਡੇ
ਲੱਤਾਂ ਇਸਪਾਤ ਦੀਆਂ,
ਦਿਲ ਹੈ ਫੌਲਾਦੀ ਸਾਡਾ
ਇਹਨੂੰ ਕੌਣ ਢਾਏ।

ਲੋਹਾ ਬਣੋ ਚਾਂਦੀ ਦੀਆਂ
ਜੁੱਤੀਆਂ ਲਿਤਾੜਿਉ,
ਲੋਹੇ-ਬੰਦ ਹੋ ਕੇ ਅਸੀਂ
ਆਏ ਕਿ ਆਏ।

ਲੋਹੇ ਦੇ ਸਹਾਰੇ ਅਸਾਂ
ਜਿਤ ਲਏ ਖੰਡ ਸਾਰੇ,
ਲੋਹੇ ਦੇ ਹੁਲਾਰੇ ਅਸੀਂ
ਅੰਬਰਾਂ ਤੇ ਛਾਏ।

### ਤੇਰੇ ਘੁੰਡ ਤੇ ਚਿਤਰੇ ਫੁੱਲ ਸੋਹਣੇ

ਜਦ ਨਜ਼ਰ ਫੁੱਲਾਂ ਦੇ ਨਾਲ ਲੜੀ,
ਖ਼ੁਸ਼ਬੂ ਇਹਨਾਂ ਦੀ ਮਜ਼ਜ਼ ਚੜ੍ਹੀ,
ਰਹੀ ਹੱਥ ਵਿਚ ਘੁੰਡ ਦੀ ਚੂਕ ਫੜੀ
ਅਸੀਂ ਏਥੇ ਹੀ ਗਏ ਭੁੱਲ ਸੋਹਣੇ,
ਤੇਰੇ ਘੁੰਡ ਤੇ ਚਿਤਰੇ ਫੁੱਲ ਸੋਹਣੇ।

ਤੇਰੇ ਘੁੰਡ ਦੀ ਵੇਖ ਬਹਾਰ ਸੱਜਨ,
ਤੇਰੇ ਮੁਖ ਲਈ ਕੀਤੇ ਤਿਆਰ ਸੱਜਨ,
ਹੰਝੂਆਂ ਦੇ ਢੋਏ ਹਜ਼ਾਰ ਸੱਜਨ,
ਸਾਥੋਂ ਰਾਹ ਵਿਚ ਹੀ ਡੁਲ੍ਹ ਗਏ ਸੋਹਣੇ,
ਤੇਰੇ ਘੁੰਡ ਤੇ ਚਿਤਰੇ ਫੁੱਲ ਸੋਹਣੇ।

ਹੁਣ ਭਾਵੇਂ ਬੋਲ ਨਾ ਬੋਲ ਸੱਜਨ,
ਘੁੰਡ ਖੋਹਲ ਭਾਵੇਂ ਨਾ ਖੋਹਲ ਸੱਜਨ,
ਬਹਿ ਵੰਜੀਏ ਤੇਰੇ ਕੋਲ ਸੱਜਨ,
ਸਾਨੂੰ ਏਨੀ ਹੀ ਦੇ ਛੱਡ ਖੁੱਲ੍ਹ ਸੋਹਣੇ,
ਤੇਰੇ ਘੁੰਡ ਤੇ ਚਿਤਰੇ ਫੁੱਲ ਸੋਹਣੇ।

ਰੋਜ਼ਾਨਾ ਮਿਹਨਤ 'ਚ ਇਸ਼ਤਿਹਾਰ ਦੇ ਕੇ ਆਪਣੇ ਕਾਰੋਬਾਰ 'ਚ ਵਾਧਾ ਕਰੋ।

### ਨਾ ਵੰਞ ਢੋਲਾ

ਨਾ ਵੰਞ ਢੋਲਾ ਚੰਨਣਾ!
ਨਿਤ ਨਿਤ ਅਸਾਂ ਨ ਹਾੜੇ ਕੱਢਣੇ
ਨਿਤ ਨਿਤ ਤੂੰ ਨਹੀਂ ਮੰਨਣਾ।

ਜੇ ਜੀਵੇਂ ਤੇਰਾ ਰਹਿਣਾ ਕੂੜਾ,
ਲਾਹ ਵੰਞ ਹੱਥੀਂ ਮੇਰਾ ਚੂੜਾ,
ਖੋਲ੍ਹ ਜਾ ਨਾਲੇ ਕੰਘਣਾ।

ਪਤਾ ਹੁੰਦਾ ਜੇ ਹੋਣਾ ਧੋਖਾ,
ਚੁਕ ਸੁਟਦੀ ਮੈਂ ਘੁੰਡ ਚਿਰੋਕਾ,
ਭਠ ਵਿਚ ਜਾਂਦੀ ਸੰਘਣਾ।

ਖ਼ਬਰ ਹੁੰਦੀ ਜੇ ਪਊ ਵਿਛੋੜਾ,
ਮੋਹਨ ਚਾ ਕਰਦੀ ਮੈਂ ਥੋਹੜਾ,
ਪਿਆਰ ਨਾ ਪਾਂਦੀ ਸੰਘਣਾ।

(ਧੰਨਵਾਦ ਦੇ.ਸੇ.)


**ਮਿਲਕਫੂਡ ਲਿਮਟਿਡ** milkfood

ਸੀ ਆਈ ਐਨ : L15201PB1973PLC003746

ਰਜਿਸਟਰਡ ਦਫਤਰ : ਪੋਸਟ ਆਫਿਸ ਬਹਾਦੁਰਗੜ੍ਹ-147021

ਜ਼ਿਲ੍ਹਾ : ਪਟਿਆਲਾ (ਪੰਜਾਬ); ਫੋਨ : 0175-2381404, ਫੈਕਸ : 0175-2380248

E-mail: milkfoodltd@milkfoodltd.com; Website : www.milkfoodltd.com

**ਸੂਚਨਾ**

ਸੈਬੀ (ਲਿਸਟਿੰਗ ਉਬਲੀਗੇਸ਼ਨਜ਼ ਐਂਡ ਡਿਸਕਲੋਜ਼ਰ ਰਿਕਵਾਇਰਮੈਂਟਸ) ਰੈਗੂਲੇਸ਼ਨਜ਼, 2015 ਦੇ ਰੈਗੂਲੇਸ਼ਨ 29, ਜਿਹੜਾ ਰੈਗੂਲੇਸ਼ਨ 47 ਨਾਲ ਪੜ੍ਹਿਆ ਜਾਏ ਦੇ ਅਨੁਸਾਰ ਇਹ ਸੂਚਿਤ ਕੀਤਾ ਜਾਂਦਾ ਹੈ ਕਿ 31 ਦਸੰਬਰ, 2020 ਨੂੰ ਖਤਮ ਹੋਈ ਤਿਮਾਹੀ ਲਈ ਕੰਪਨੀ ਦੇ ਸਟੈਂਡਅਲੋਨ ਅਤੇ ਕਨਸੋਲੀਡੇਟਿਡ ਅਨਆਡਿਟਿਡ ਵਿੱਤੀ ਨਤੀਜੇ ਵਿਚਾਰਨ ਅਤੇ ਉਹਨਾਂ ਨੂੰ ਪ੍ਰਵਾਨ ਕਰਨ ਲਈ ਕੰਪਨੀ ਦੇ ਡਾਇਰੈਕਟਰਾਂ ਦੇ ਬੋਰਡ ਦੀ ਮੀਟਿੰਗ ਸ਼ੁਕਰਵਾਰ, 12 ਫਰਵਰੀ, 2021 ਨੂੰ ਨਵੀਂ ਦਿੱਲੀ ਵਿਖੇ ਹੋਵੇਗੀ।

ਇਹ ਸੂਚਨਾ ਕੰਪਨੀ ਦੀ ਵੈਬਸਾਈਟ viz.www.milkfoodltd.com ਅਤੇ ਸਟਾਕ ਐਕਸਚੇਂਜ ਜਿਥੇ ਕੰਪਨੀ ਦੇ ਸ਼ੇਅਰਜ਼ ਲਿਸਟਿਡ ਹਨ ਦੀ ਵੈਬਸਾਈਟ viz.www.bseindia.com ਤੇ ਵੀ ਉਪਲਬਧ ਹੈ।

ਵਾਸਤੇ ਮਿਲਕਫੂਡ ਲਿਮਟਿਡ
ਸਹੀ/-
(ਰਾਕੇਸ਼ ਕੁਮਾਰ ਠਾਕੁਰ)
ਕੰਪਨੀ ਸੈਕਰੇਟਰੀ

ਮਿਤੀ : 01 ਫਰਵਰੀ, 2021



Kissan Kheti Store





S. Mahinder Singh Nadala
Writer & Press Reporter
Mobile: 98158-81729

Deals In: Seeds, Pesticides Insecticides & Fertilizers



Old is Gold

Ashoka Dry Cleaners

Bazar Bansanwala Phagwara
Prop. Rishi Kaura
M: 98724-77082


ਐਡੀਟਰ, ਪ੍ਰਿੰਟਰ ਅਤੇ ਪਬਲਿਸ਼ਰ ਓਮ ਪ੍ਰਕਾਸ਼ ਖੇਮਕਰਨੀ ਨੇ ਦਸ਼ਮੇਸ਼ ਪ੍ਰਿੰਟਰਜ਼ ਰਣਜੀਤ ਨਗਰ ਅਤੇ ਨਵਾਂ ਜ਼ਮਾਨਾ ਪ੍ਰਿੰਟਰਜ਼ ਨਹਿਰੂ ਗਾਰਡਨ ਰੋਡ ਜਲੰਧਰ ਤੋਂ ਛਪਵਾ ਕੇ ਦਫਤਰ ਰੋਜ਼ਾਨਾ ਮਿਹਨਤ (ਪੰਜਾਬੀ) ਕਨਾਟ ਸਰਕਸ ਪੱਕਾ ਬਾਗ, ਜਲੰਧਰ ਤੋਂ ਪ੍ਰਕਾਸ਼ਿਤ ਕੀਤਾ। ਮਾਲਕ ਕਮਲ ਕੁਮਾਰ ਸ਼ਰਮਾ। ਆਰ.ਐਨ.ਆਈ ਰਜਿਸਟਰੇਸ਼ਨ ਨੰਬਰ 61817/95